13-1
1969
P

1058
৭।৪

੧ ੳ ਵਾਹਿਗੁਰੂ ਜੀ ਕੀ ਫਤਹ ॥

# ਕੈਦੀ ਬੀਰ

ਭਾਗ ( ੧ )

ਰਚਿਤ

ਸ੍ਰ: ਅਵਤਾਰ ਸਿੰਘ ਜੀ "ਆਜ਼ਾਦ"

ਮਿਲਨ ਦਾ ਪਤਾ:—

ਭਾ: ਭੋਲਾ ਸਿੰਘ ਮੇਹਰ ਸਿੰਘ ਪੁਸਤਕਾਂ
ਵਾਲੇ ਮਾਲਕ ਅਕਾਲ ਕੁਟੀਆ ਬੁਕ ਡੀਪੋ,
ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ।

ਮੋਖ ॥=)



ਸੂ: ਅਵਤਾਰ ਸਿੰਘ ਜੀ "ਅਜ਼ਾਦ" ਘਵਿੰਡ

NATIONAL ARCHIVES LIBRARY
No. 1969
Date 1.2.72
GOVT. OF INDIA

Lib. 913/76 B

ੴ ਸਤਿਗੁਰ ਪ੍ਰਸਾਦਿ ॥

ਛਿਨ ਮੈ ਰਾਓ ਰੰਕ ਕੋ ਕਰਹੀ, ਰਾਓ ਰੰਕ ਕਰ ਡਾਰੇ।
ਰੀਤੇ ਭਰੇ, ਭਰੇ ਸਖਨਾਵੇ, ਇਹ ਤਾਕੋ ਬਿਵਹਾਰੋ।

# ਕੈਦੀ ਬੀਰ

## ਪਹਿਲਾ ਭਾਗ

ਅਰਥਾਤ

ਸ੍ਰ: ਅਵਤਾਰ ਸਿੰਘ ਜੀ "ਆਜ਼ਾਦ" ਦੀਆਂ ਓਹ ਕਵਿਤਾਂ ਜੇਹੜੀਆਂ ਕਿ ਮਹਾਰਾਜਾ ਨਾਭਾ ਦੇ ਰਾਜ ਤਿਆਗ ਦੇਣ ਪਿਛੋਂ ਪ੍ਰਕਾਸ਼ਤ ਹੋਈਆਂ ॥

ਪ੍ਰਕਾਸ਼ਕ

**ਖਾਲਸਾ ਡਰਾਮਿਟਿਕ ਏਜੰਸੀ ਅੰਮ੍ਰਤਸਰ।**

ਸੰਨ ੧੯੨੪

ਮਿ: ਦਾ ਪਤਾ:- ਭਾ: ਭੋਲਾ ਸਿੰਘ ਮੇਹਰ ਸਿੰਘ
ਪੁਸਤਕਾਂ ਵਾਲੇ ਅਰ ਮਾਲਕ ਅਕਾਲ ਕੁਟੀਆ
ਬੁਕ ਡੀਪੋ ਬਾਜ਼ਾਰ ਮਾਈ ਸੇਵਾਂ ਅਮ੍ਰਤਸਰ

'ਪੰਜਾਬ ਖਾਲਸਾ ਪ੍ਰੈਸ' ਅੰਮ੍ਰਤਸਰ ਬਜ਼ਾਰ ਮਾਈ ਸੇਵਾਂ
ਵਿਚ ਸ੍ਰ: ਤਾਰਾਸਿੰਘ ਪ੍ਰਿੰਟ੍ਰ ਦੇ ਪ੍ਰਬੰਧ ਨਾਲ ਛਪਿਆ।

# ਸਮਰਪਨ !

ਲੱਗੇ ਸੱਲ ਕਲੇਜੜੇ ਸਖਤ ਮੈਨੂੰ,
ਨਾਲ ਬਰਛੀਆਂ ਜਿਸਮ ਬੇਹਾਲ ਹੋਇਆ !
ਵਜੇ ਬਿਰਹੋਂ ਦੇ ਤੀਰ ਹੋ ਪਾਰ ਗਏ,
ਜ਼ਖਮ ਲਗੜੇ ਹਾਲ ਮਲਾਲ ਹੋਇਆ !
ਰੋਮ ੨ ਵਿਚੋਂ ਦਰਦ ਸਦਾ ਨਿਕਲੀ,
ਹਥੋਂ ਡਾਢਿਆਂ ਦੇ ਮੰਦਾ ਹਾਲ ਹੋਇਆ !
ਵੇਖ ਜਾਬਰਾਂ ਦੀ ਧੱਕੇ ਸ਼ਾਹੀ ਤਾਂਈਂ,
ਦੁਖੀ ਬਦਨ ਵਾਲਾ ਵਾਲ ਵਾਲ ਹੋਇਆ !

ਮੇਰੀ ਆਹ ਸੰਦੇ ਧੂੰਏਂ ਜਦ ਨਿਕਲੇ,
ਬਦਲ ਵਿੱਚ ਆਕਾਸ਼ ਦੇ ਛਾ ਗਿਆ !
ਜ਼ਾਰੋ ਜ਼ਾਰ ਰੋ ਕੇ ਮੰਦੇ ਹਾਲ ਹੋਕੇ,
ਰੋਂਦਾ ਧੋਂਦੜਾ ਦਰਦ ਵੰਡਾ ਗਿਆ !
ਮੇਰੀ ਕਲਮ ਵੀ ਮਾਤਮ ਚੁ ਹੋਈ ਕਾਲੀ,
ਅੰਦਰ ਏਸ ਦਾ ਹੋ ਸਯਾਹ ਗਿਆ !
ਸੂਰਜ ਵੇਖ ਕੇ ਮੁਖ ਨੂੰ ਜ਼ਰਦ ਕਰਕੇ,
ਰੁਫੀਂ ਜਾਇ ਕੇ ਸਿਰ ਲੁਕਾ ਗਿਆ !

ਅੱਖਾਂ ਰੋ ਪਈਆਂ ਕਲਮ ਥਿੜਕ ਪਈ,
ਜਦੋਂ ਲਿਖਣ ਲਗੀ 'ਕੈਦੀ ਬੀਰ' ਤਾਈਂ !
ਕਰੀ ਭੇਟ ਵੀ ਦਰਦੀਆਂ ਤਾਈਂ ਲੋਕੋ !
'ਤੇਜਾ ਸਿੰਘ' ਘਵਿੰਡ ਅਸੀਰ ਤਾਈਂ !

"ਆਜ਼ਾਦ"

੧ ਓ ਸਤਿਗੁਰਪ੍ਰਸਾਦਿ ॥

# ਵਤਨ !

ਪਿਆਰੇ ਵਤਨ ਵੇ ਕਦੀ 'ਆਜ਼ਾਦ' ਸੈਂ ਤੂੰ,
ਰਸ਼ਕ ਸਵਰਗ ਦੇ ਤਾਈਂ ਦਵਾਂਵਦਾ ਸੈਂ !
ਬਨਕੇ ਵਿੱਚ ਸ੍ਰੋਵਰ ਦੇ ਕੌਲ ਫੁਲੜਾ,
ਕਈਆਂ ਭੌਰਿਆਂ ਦਿਲ ਪ੍ਰਚਾਂਵਦਾ ਸੈਂ !
ਏਸ ਦੁਨੀਆਂ ਦੇ ਸੋਹਣੇ ਬਾਗ਼ ਅੰਦਰ,
ਵਿੱਚ ਤਾਰਿਆਂ ਚੰਨ ਸੁਹਾਂਵਦਾ ਸੈਂ !
ਜੋਬਨ ਕੜਕਿਆ ਤੇਰੀ ਬਹਾਰ ਦਾ ਸੀ,
ਬੁਲਬੁਲ ਕੋਕਲਾਂ ਤਾਈਂ ਰਿਝਾਂਵਦਾ ਸੈਂ !
ਚਿੜੀ ਸੋਨੇ ਦੀ ਤੈਨੂੰ ਸਭ ਆਖਦੇ ਸਨ,
ਵਿੱਚ ਤੁਧ ਦੇ ਬਰਕਤਾਂ ਸਾਰੀਆਂ ਸਨ !
ਤੇਰੀ ਮੈਹਕਦੀ ਖਿੜੀ ਗੁਲਜ਼ਾਰ ਵਿੱਚੋਂ,
ਸੁੰਦਰ ਔਂਦੀਆਂ ਵਾਸ਼ਨਾਂ ਭਾਰੀਆਂ ਸਨ !

—o—

ਧਰਮੀ ਬੀਰ ਯੋਧੇ ਤੇਰੇ ਸੀਗ ਪੁਤ੍ਰ,
ਵਗਦੀ ਪ੍ਰੇਮ ਦੀ ਸੀ ਵਿਚਦੀ ਨੈਹਰ ਸੋਹਣੀ !
ਪਈ ਉਛਲਦੀ ਸੀ ਪਿਆਰੇ ਖੁਸ਼ੀ ਅੰਦਰ,
ਅਪਨੇ ਵਿੱਚ ਪ੍ਰੇਮ ਦੀ ਲੈਹਰ ਸੋਹਣੀ !
ਸੱਕੇ ਵੀਰ ਸੀ ਸਮਝਦੇ ਆਪ ਵਿੱਚਦੀ,
ਵਗਦੀ ਨਾਲ ਠਾਠਾਂ ਪ੍ਰੀਤ ਨੈਹਰ ਸੋਹਣੀ !
ਬਝੇ ਪ੍ਰੇਮ ਦੀ ਤਾਰ ਦੇ ਵਿੱਚ ਹੈਸਨ,
ਲੈਹਰ ਵੱਗਦੀ ਸੀ ਪਿੰਡ ਸ਼ੈਹਰ ਸੋਹਣੀ !

ਜੇਹੜਾ ਵੇਖਦਾ ਸੀ ਐਧਰ ਅੱਖ ਕਰਕੇ,
ਅੱਖ ਓਸਦੀ ਕੱਢਦੇ ਲਾਲ ਤੇਰੇ !
ਥਰ ਥਰ ਕੰਬਦੇ ਸੀ ਹਰਦਮ ਨਾਮ ਸੁਣਕੇ,
ਸੁਖੀ ਉਦੋਂ ਹੈਸੀ ਵਾਲ ਵਾਲ ਤੇਰੇ !
ਨਹੀਂ ! ਏਸ ਸੰਸਾਰ ਦਾ ਜ਼ਿਕਰ ਕਾਹਦਾ,
ਦਾਨੂੰ ਦੇਵਤੇ ਵੀ ਭੈ ਖਾਂਵਦੇ ਸਨ !
ਜਦੋਂ ਹਾਕ ਸੁਣਦੇ ਤੇਰੇ ਪੁਤ੍ਰਾਂ ਦੀ,
ਕੰਨੀਂ ਪਿਆਂ ਹੀ ਦੁਮ ਦਬਾਂਵਦੇ ਸਨ !
ਲੋਕ ਲੋਕ ਦੇ ਆਨਕੇ ਕੁਲ ਯੋਧੇ,
ਤੇਰੇ ਦਰ ਆ ਸੀਸ ਝੁਕਾਂਵਦੇ ਸਨ !
ਉੱਚੀ ਬੋਲ ਨਾ ਸਕਦੇ ਸੀਗ ਦੁਸ਼ਮਨ,
ਟੇਢੀ ਅੱਖ ਕਰਕੇ ਨਾ ਤਕਾਂਵਦੇ ਸਨ !
ਜੇਹੜੇ ਅੱਜ ਆਕੇ ਛਾਤੀ ਮੂੰਗ ਦੱਲ ਰਹੇ,
ਪੱਖੇ ਫੇਰਦੇ ਤੇ ਪਾਨੀ ਢੋਂਵਦੇ ਸੀ !
ਸੀਗਾ ਵਿਚ ਸ਼ੁਮਾਰ ਬਨਮਾਣਸਾਂ ਦੇ,
ਤੇਰੇ ਚਰਨ ਆ ਆ ਓਦੋਂ ਧੋਂਵਦੇ ਸੀ !
ਐਪਰ ਅੱਜ ਗੁਲਾਮੀਆਂ ਵਿਚ ਫਸਕੇ,
ਵਾਕਰ ਮੱਛਲੀ ਪਿਆ ਤੜਫਾਂਵਦਾ ਏਂ !
ਤੱਪੀ ਜ਼ੁਲਮ ਦੀ ਭੜਕਦੀ ਭੱਠ ਅੰਦਰ,
ਵਾਂਗ ਭਲਿਆਂ ਪਿਆ ਤਲੀਂਵਦਾ ਏਂ !
ਫਸਕੇ ਜਾਲ ਅੰਦਰ ਬਿੱਟਰ ਬਿੱਟਰ ਤੱਕੇਂ,
ਅੱਗ ਜਬਰ ਦੀ ਨਾਲ ਜਲੀਂਵਦਾ ਏਂ !
ਤੇਰੇ ਹਾਲ ਨੂੰ ਤੱਕਕੇ ਰੋਣ ਆਵੇ,
ਨਾ ਤੂੰ ਮੋਇਆਂ ਅੰਦਰ ਨਾ ਤੂੰ ਜੀਵੰਦਾ ਏਂ !

ਡੇਰੇ ਹਾਲ ਤਾਈਂ ਜੇਹੜਾ ਆਨ ਤਕੇ,
ਨੀਰ ਅਖੀਆਂ ਸੰਦਾ ਨਚੋੜ ਦੇਵੇ !
ਨਾਲ ਦਰਦ ਦੇ ਆਪਾ ਜਲਾ ਕਰਕੇ,
ਵਿੱਚ ਅਗਨ ਦੇ ਠੀਕ ਨਘੋੜ ਦੇਵੇ !
ਪਈਆਂ ਨਿਕਲਦੀਆਂ ਹੈਨ ਚਾਰ ਤਰਫੋਂ,
ਦੁਖੀ ਅਤੇ ਮਜ਼ਲੂਮਾਂ ਦੀਆਂ ਹਾਈਆਂ ਨੇ !
ਜ਼ਖ਼ਮ ਆਨ ਲਾਏ ਉੱਤੋਂ ਲੂਣ ਪਾਇਆ,
ਇਨ੍ਹਾਂ ਪਾਰ ਸੰਦੇ ਆਏ ਰਾਹੀਆਂ ਨੇ !
ਛੁਰੀ ਆਨ ਸ਼ਾਹ ਰੱਗ ਤੇ ਮਾਰੀਆ ਨੇ,
ਮੂਜ਼ੀ ਜ਼ਾਲਮਾਂ ਹਾਇ ! ਕਸਾਈਆਂ ਨੇ !
ਕੇਹੜਾ ਆਨਕੇ ਦੇ ਬੁਝਾ ਯਾਰੋ !
ਭਠਾਂ ਜੇਹੜੀਆਂ ਜ਼ਾਲਮਾਂ ਤਾਈਆਂ ਨੇ !
ਕੋਈ ਅੱਜ ਆਵੇ ਦਸਮ ਗੁਰੂ ਵਰਗਾ,
ਵਾਰ ਵਤਨ ਖਾਤਰ ਪਿਆਰੇ ਲਾਲ ਦੇਵੇ !
ਵੰਡੇ ਦਰਦ ਆਕੇ ਦੁਖੀ ਦਰਦੀਆਂ ਦਾ,
ਕਰ ਉਜੜਿਆਂ ਨੂ ਮਾਲਾ ਮਾਲ ਦੇਵੇ !
ਕੋਈ ਅੱਜ ਤਕੇ ਸ਼ਿਵਾ ਜੀ ਵਰਗਾ,
ਪਿਆਰੇ ਵਤਨ ਬਦਲੇ ਵਾਰ ਜਾਨ ਦੇਵੇ !
ਸ਼ਮਾਂ ਸਮਝਕੇ ਦੇਸ਼ ਦੀ ਸੇਵ ਕਰਨੀ,
ਕੋਈ ਵਾਂਗ ਪਤੰਗ ਆ ਪ੍ਰਾਨ ਦੇਵੇ !
ਸਰਵਨ ਪੁਤ ਹੋਵੇ ਅੱਜ ਕੋਈ ਪੈਦਾ,
ਜਾਨ ਸ਼ਾਨ ਤੋਂ ਕਰ ਕੁਰਬਾਨ ਦੇਵੇ !
ਸਾਡੇ ਦੁਖਾਂ ਦਾ ਕਰੇ ਇਲਾਜ ਕੋਈ,
ਮਾਨ ਵਾਲਿਆਂ ਦਾ ਤੋੜ ਮਾਣ ਦੇਵੇ !

'ਸ਼ਾਂਤਮਈ' ਦੀ ਹਥ ਤਲਵਾਰ ਫੜਕੇ,
ਗੁਰੂ ਪੰਚਮ ਦੇ ਵਾਂਗ ਨਸਾਰ ਹੋ ਕੇ!
ਫਸੀ ਮਾਤਾ ਨੂੰ ਕਰੇ ਆਜ਼ਾਦ ਛੇਤੀ,
ਧਰਮ ਦੇਸ਼ ਬਦਲੇ ਬਲਿਹਾਰ ਹੋਕੇ!

—o—

## "ਪੱਥਰ ਰੋ ਪਏ ਸੁਣਕੇ ਹਾਲ ਸਾਡਾ, ਐਪਰ ਜ਼ਾਲਮਾਂ ਦਾ ਲੱਥਾ ਚਾ ਨਾਹੀ!"

(੧) ਜਦੋਂ ਫਲਕ ਤਾਈਂ ਪੌਂਹਚੀ ਸਾਰ ਭੈੜੀ,
ਮਹਾਰਾਜ ਨਾਭਾ ਤਖਤੋਂ ਲਾਹ ਦਿੱਤਾ!
ਰੰਗ ਫੱਟਕ ਹੋਇਆ ਵੇਖੋ ਵਾਂਗ ਗੋੜ੍ਹੇ,
ਰੰਗ ਮਾਤਮੀ 'ਰਾਤ' ਵੱਟਾ ਦਿੱਤਾ!
ਦਿਲ ਭਾਦਰੋਂ ਦਾ ਕਾਲਾ ਸਿਆਹ ਹੋਇਆ,
ਨੀਰ ਅੱਖੀਆਂ ਸੰਦਾ ਵਹਾ ਦਿੱਤਾ!
ਪਇ ਕੀਰਨੇ ਚਾਰ ਚੁਫੇਰ ਤੋਂ ਹੀ,
ਵਾਯੂ ਨਾਲ ਰੁੱਖਾਂ ਸਿਰ ਪੱਟਕਾ ਦਿੱਤਾ!
ਸੂਰਜ ਜ਼ਰਦ ਹੋਇਆ ਵੇਖ ਜ਼ੁਲਮ ਹੁੰਦਾ,
ਜ਼ ਵੇਖ ਕੇ ਹੋ ਹੱਵਾ ਢੱਲੀ!
ਬਿਜਲੀ ਚੱਮਕ ਉਠੀ ਡਾਢਾ ਕੋਪ ਕਰਕੇ,
ਬਰਛੀ ਰਾਵਣੇ ਦੀ ਵਾਂਗ ਧਾ ਚੱਲੀ!

—o—

(੨) ਸੁਣਕੇ ਦਾਤ ਖੁੱਸ਼ੀ ਪਿਆਰੇ ਗੁਰੂ ਸੰਦੀ,
ਮੇਰੀ ਕਲਮ ਲਿਖਣ ਦਾਸਤਾਨ ਲੱਗੀ!
ਐਪਰ ਲਿੱਖਦੀ ਹੋ ਦੋ ਫਾੜ ਗਈ,

ਉਪਰ ਕਾਗਜ਼ ਦੇ ਨੀਰ ਵਰਸਾਨ ਲੱਗੀ!
ਮਾਤਮ ਹੋਇਆ ਐਹਾ ਕਾਲੀ ਸ਼ਾਹ ਹੋ ਗਈ,
ਏਹ ਦਵਾਤ, ਮੇਰੀ ਵੈਣ ਪਾਨ ਲੱਗੀ!
ਕਾਲੇ ਵੇਸ ਹੋ ਗਏ, ਹਾ! ਬੁਲਬੁਲਾਂ ਦੇ,
ਵੇਖ ਜਿਨ੍ਹਾਂ ਨੂੰ ਰਾਤ ਸ਼ਰਮਾਨ ਲੱਗੀ!
ਮੇਰੇ ਗੁਰੂ 'ਹਰਿ ਰਾਇ' ਦੀ ਦਾਤ ਖੁੱਸੀ,
ਰਹੀ ਧਰਤ ਉਪਰ ਸਾਡੀ ਜਾ ਨਾਹੀਂ!
ਪੱਥਰ ਰੋ ਪਏ ਸੁਣ ਕੇ ਹਾਲ ਸਾਡਾ,
ਐਪਰ ਜ਼ਾਲਮਾਂ ਦਾ ਲੱਥਾ ਚਾ ਨਾਹੀਂ!

—:o:—

## ਸਿੱਖ ਕੌਮ ਦਾ ਹਾਲ, ਮਹਾਰਾਜਾ ਨਾਭਾ ਨੂੰ ਕੈਦੀ ਵੇਖ ਕੇ!

"ਸਿਰਖਿੰਡੀ ਛੰਦ"

ਵਾਹ ਵਾ! ਦਾਤ ਪਿਆਰੀ ਗੁਰੂ ਹਰਿ ਰਾਇ ਦੀ,
ਫੂਲ ਰਹੀ ਫੁਲਵਾੜੀ ਪਿਆਰੇ ਫੂਲ ਦੀ!
ਹੋ ਗਈ ਅੱਜ ਵੈਰਾਨ ਹਥੋਂ ਖਿਜ਼ਾਂ ਦੇ,
ਸੋਹਣੀ ਖਿੜੀ ਬਹਾਰ ਨਾਭੇ ਰਾਜ ਦੀ!
ਜਿਉਂ ਬੁਲਬੁਲ ਬਿਨ ਦੀਦ ਮਾਹੀ ਤੜਫਦੀ,
ਵੈਣ ਕੂਕੇਂਦੀ ਨਾਲ ਦਰਦਾਂ ਸੱਜਣੋ!
ਲੈ ਵੇ ਪ੍ਰੀਤਮ! ਸੱਜਣ ਮੈਨੂੰ ਆਨ ਮਿਲ,
ਦੇ ਦੇ ਆਣ ਦੀਦਾਰ ਆਸ ਪੁਚਾਵੇ!
ਜਿਉਂ ਬਿਨ ਪਾਣੀ ਮੱਛੀ ਦੇਂਦੀ ਪਰਾਣ ਹੈ,
ਤਿਉਂ ਹੀ ਸਮਝੋ ਹਾਲ ਪਿਆਰੇ ਪੰਥ ਦਾ

ਜੋਰ ਨਾ ਕੋਈ ਚਲੇ ਡਾਢੇ ਲੈ ਗਏ,
ਐਪਰ ਰੱਖੀ ਆਸ ਫੇਰ ਮੁੜਾਵਣਾ !
ਕੀ ਹੋਇਆ ? ਜੇ ਆਨ ਜ਼ਾਲਮ ਖਿਜ਼ਾ ਨੇ,
ਬੁਲਬੁਲਾਂ ਸੰਦਾ ਦਿੱਲ ਹੈ ਡਾਢਾ ਸਾੜਿਆ !
ਐਪਰ ਸਦਾ ਨਾ ਰੈਹਸੀ ਇਹ ਦਿਨ ਚਾਰ ਦੀ,
ਛੇਤੀ ਆ ਬਹਾਰ ਫੇਰਾ ਪਾਵਣਾ !
ਆਸ ਨਾ ਟੁੱਟਦੀ ਮੂਲ ਮੇਰੀ ਕੌਮ ਦੀ,
ਕੀ ਹੋਇਆ ਜੇ ਦੁਸ਼ਮਨ ਕਰਨ ਕੁਚਾਲੀਆਂ !
ਹੋਏ ਹੇਠ ਆਕਾਸ਼ ਜ਼ਾਲਮ ਕਈ ਨੇ,
ਜਿਨਾਂ ਅੱਤ ਮਚਾਈ ਵਿਚ ਸੰਸਾਰ ਦੇ !
ਰਾਵਨ ਜੇਹੇ ਰਾਜੇ ਏਥੇ ਹੋ ਗਏ,
ਜਿਨ੍ਹਾਂ ਨਾਲ ਸੀ ਜ਼ੋਰ ਇੰਦਰ ਜਿੱਤਿਆ !
ਐਪਰ ਆਇਆ ਵੇਲਾ ਜਦ ਫਿਰ ਮਰਨ ਦਾ,
ਸੀਤਾ ਲਈ ਚੁਰਾ ਰਾਮ ਅਵਤਾਰ ਦੀ !
ਦੇਵੀ ਦਿਉਤੇ ਸਾਥ ਸਾਰੇ ਛੱਡ ਗਏ,
ਮੋਇਆ ਸਣ ਪਰਵਾਰ ਵਿਚ ਮੈਦਾਨ ਦੇ !
ਤਿਵੇਂ ਹੀ ਅੱਜ ਦੇ ਸਾਡੇ ਸਮਝੋ ਸ਼ਾਹ ਜੋ,
ਜਰਮਨ ਤਾਈਂ ਜਿੱਤ ਡੀਗਾਂ ਮਾਰ ਰਹੇ !
ਏਸੇ ਆਕੜ ਵਿਚ ਹੀ ਸ੍ਰੀ ਰਿਪੁਦਮਨ ਨੂੰ,
ਦਿੱਤਾ ਤਖਤੋਂ ਸੁਟ ਪੱਟਕ ਜ਼ਮੀਨ ਤੇ !
ਐਪਰ ਇਹ ਹੈ ਦਾਤ ਗੁਰੂ ਹਰਿ ਰਾਇ ਦੀ,
ਪਚਸੀ ਮੂਲ ਨਾ ਅਜਰ ਜਾਇ ਜਰਿਆ !
ਕੌਮ ਖਾਲਸਾ ਆਗੇ ਪਈ ਨਾ ਸੁੱਤੜੀ,
ਕਿਰਪਾ ਸਤਿਗੁਰ ਕੇਰੀ ਤੱਖਤ ਬਠਾਲਸੀ !

ਸਦਾ ਨਾ ਰੁਤ ਖਿਜ਼ਾਂ ਰਹਿੰਦੀ ਸੱਜਣ?
ਸਦਾ ਨਾ ਰਹੇ ਨਿੱਤ ਵਿਛੋੜਾ ਯਾਰ,
ਸਦਾ ਨਾ ਰਹਿੰਦੀ ਕਾਲੀ ਬੋਲੀ ਰਾਤ ?
ਮੁਕਦੀ ਹੈਗੀ ਅੰਤ ਸੂਰਜ ਨਿੱਕਲਦੇ
ਸਦਾ ਨਾ ਰਹੇ ਦੋਪਹਿਰ ਸੂਰਜ ਜੇਠ ਦੀ,
ਢੱਲਦਾ ਢੱਲਦਾ ਆਖਰ ਜਾਂਦਾ ਛਿੱਪ ਹੈ !
ਫਸੇ ਨਾ ਰਹਿਣ 'ਗ਼ੁਲਾਮ' ਵਿਚ ਹੀ ਜਾਲ ਦੇ,
ਹੋਵਨ ਅੰਤ 'ਆਜ਼ਾਦ' ਜਾਲੀ ਤੋੜ ਕੇ !
ਤਿਵੇਂ ਹੀ 'ਕੈਦੀ ਬੀਰ' ਹਰਿ ਰਿਪੁਦਮਨ ਨੇ,
ਵਾਂਗ ਬਹਾਰ ਦੇ ਛੇਤੀ ਫੇਰਾ ਪਾਵਣਾ !

—o—

## ਅਕਾਲੀ ਪ੍ਰੀਤਮ !

### ਬ੍ਰਿਹੋਂ ਦੇ ਸੱਦ !!

ਵੇ ਪ੍ਰੀਤਮਾ ! ਦੱਸੀਏ ਕੀ ਤੈਨੂੰ ?
ਅਸੀ ਵਿਚ ਦੁੱਖਾਂ ਜਫਰ ਜਾਲ ਰਹੇ !
ਡਾਢਾ ਤੰਗ ਕੀਤਾ ਆਨ ਡਾਢਿਆਂ ਨੇ,
ਹਾਇ ! ਨਾਲ ਛੁਰੀਆਂ ਹੋ ਹਲਾਲ ਰਹੇ !
'ਤੇਰੇ ਘਰਾਂ ਦੀ ਸਾਰ ਜੋ ਲੈਣ ਗਏ',
ਓਹ ਵਿਚ ਜੇਹਲਾਂ ਹੋ ਨਢਾਲ ਰਹੇ !
ਭੁਖੇ ਰਹਿੰਵਦੇ ਤੇ ਦੁਖ ਪਏ ਝੱਲਦੇ,
ਐਪਰ ਸਿੱਦਕ ਤਾਈਂ ਬੇਲੀ! ਪਾਲ ਰਹੇ !
ਅਸੀ ਵਿੱਚ ਗੁਲਾਮੀਆਂ ਗਏ ਲੁਟੇ,
ਸਾਨੂੰ ਲਭਦੀ ਵਤਨ ਵਿਚ ਥਾਂ ਨਾਹੀਂ !
ਪਏ ਭੱਖਦੇ ਜ਼ੁਲਮ ਦੇ ਭੱਠ ਪ੍ਰੀਤਮ !

ੇਰ ਨਾ ਲੈ ਬੈਠਣੇ ਨੂੰ ਠੰਡੀ ਛਾਂ ਨਾਹੀਂ !

—o—

ਐਪ

ਕੀ ਹੋਇਆਈਏ ਫੋਲ ਕੀ ਹਾਲ ਆਪਨਾ,
ਬੱਦਲ ਕੈਹਰ ਤੇ ਜ਼ੁਲਮ ਦੇ ਛਾਏ ਰਹੇ !
ਵਰਧੇ ਪਏ ਨੇ ਧਰਮ ਦੀ ਖੇਤੀਆਂ ਤੇ,
ਨਾਦਰਸ਼ਾਹੀ ਨੂੰ ਮਾਤ ਕਰਾਏ ਰਹੇ !
ਡਾਇਰ ਸ਼ਾਹੀ ਦੇ ਆਏ ਤੂਫਾਨ ਰਹੇ,
ਦੁਖੀ ਹਿੰਦੀਆਂ ਤਾਈਂ ਰੁੜ੍ਹਾਏ ਰਹੇ !
ਸਾਡੀ ਕਦਰ ਨਾ ਡੰਗਰਾਂ ਜੇਡ ਹਾਇ !
ਐਵੇਂ ਨਾਮ ਦੇ ਬੰਦੇ ਸਦਵਾਏ ਰ !
ਲੋਕੀ ਚਟਦੇ ਨੇ ਬਿੱਲੇ ਕੁਤਿਆਂ ਨੂੰ,
ਐਪਰ ਅਸਾਂ ਦੀ ਲਏ ਨਾ ਸਾਰ ਕੋਈ !
ਭਾਗ ਹੀਨੜੇ ਦੇਸ ਵਿਚ ਹੋਏ ਪੈਦਾ,
ਸਾਡੇ ਕਰਮਾਂ ਨੂੰ ਧੁਰੋਂ ਹੀ ਹਾਰ ਹੋਈ !

—o—

ਜ਼ਰਾ ਤੱਕ ਆ ਕੇ ! ਬੇਲੀ ! ਨਾਲ ਅੱਖਾਂ,
ਕਿਵੇਂ ਜ਼ੋਰ ਵਾਲੇ ਮਾਰੋ ਮਾਰ ਕਰ ਰਹੇ !
ਸਾਨੂੰ ਬਾਂਦਰਾਂ ਵਾਂਗ ਨੱਚਾ ਕਰ ਕੇ,
ਹਾਇ! ਖਵ ਰ ਤਾਂ ਸਰੇ ਬਾਜ਼ਾਰ ਕਰ ਰਹੇ !
ਦੇਸ਼ ਦਰਦੀਆਂ ਨੂੰ ਪਾ ਰਹੇ ਵਿਚ ਬੰਦੀ,
ਮਨ ਆਈ ਜੇਹੜੀ ਸੋਈ ਕਾਰ ਕਰ ਰਹੇ !
ਕੋਈ ਹੋੜਦਾ ਤੇ ਨਾ ਹੀ ਮੋੜਦਾ ਏ,
ਚਾਰੋਂ ਤਰਫ ਤੋਂ ਹੀ ਮਾਰੋ ਮਾਰ ਕਰ ਰ !
ਸਾਡਾ ਧਰਮ ਕਿੱਥੇ ? ਸਾਡੀ ਸ਼ਰਮ ਕਿਥੇ ?

ਸਾਡੀ ਆਨ ਤੇ ਗਈ ਹੈ ਸ਼ਾਨ ਕਿਥੇ ?
ਨਹੀਂ ਲੱਭਦੇ ਵਤਨ ਤੋਂ ਮਰਨ ਵਾਲੇ,
ਪਤਾ ਨਹੀਂ ਓਹ ਗਏ ਜਵਾਨ ਕਿਥੇ ?

—o—

ਐ ਦਸਮੇਸ਼ ਪਿਤਾ ਤੁਠ ! ਸਾਡੇ ਉਪਰ,
ਬਲੀ ! ਕਰ ਦੱਯਾ ਦਯਾਵਾਨ ਹੋ ਕੇ !
ਸਾਡੇ ਦਿੱਲਾਂ ਚੋਂ ਵਤਨ ਦਾ ਦਰਦ ਪਾ ਦੇ,
ਪਿਆਰੇ ਪ੍ਰੀਤਮਾਂ ਤੂੰ ਮੇਹਰਬਾਨ ਹੋ ਕੇ !
ਮਰ ਮਿੱਟਣ ਨੂੰ ਹੋ ਤਿਆਰ ਜਾਈਏ,
ਇਕ ਜਿਸਮ ਹੋ ਕੇ ਇਕ ਜਾਨ ਹੋ ਕੇ !
ਕਰੀਂ ਮੇਹਰ ਤੂੰ ਆਪਣੇ ਬੱਚਿਆਂ ਤੇ,
ਭਾਰਤ ਵਰਸ਼ ਸੰਦਾ ਨਿਗ੍ਹਾਬਾਨ ਹੋ ਕੇ !
ਅਸੀਂ ਮੰਗੀਏ ਤੁਧ ਤੋਂ ਦਾਤ ਏਹੋ,
ਸਾਡੇ ਦਿੱਲਾਂ ਵਿਚ ਦੇਸ਼ ਦਾ ਦਰਦ ਪਾ ਦੇ !
ਭਾਰਤ ਵਰਸ਼ ਦੇ ਕਰਨ ਆਜ਼ਾਦ ਲਈ,
ਕੋਈ ਪ੍ਰੇਮ ਸੰਦੀ ਸੀਨੇ ਨਰਦ ਪਾ ਦੇ !

—o—

ਵੇ ਪ੍ਰੀਤਮਾ ! ਅੱਜ ਜੇ ਖੁਸ਼ੀ ਥੀਵੇਂ,
ਅਤੇ ਐਤਨਾ ਮੰਨ ਲੈ ਸਵਾਲ ਸਾਡਾ !
ਅਸੀ ਅੱਜ ਹੀ ਹੋ ਆਜ਼ਾਦ ਜਾਈਏ,
ਹੋ ਜਾਇ ਉਜੜਿਆ ਦੇਸ਼ ਖੁਸ਼ਹਾਲ ਸਾਡਾ !
ਸਾਡੇ ਕੁਲ ਕਲੇਸ਼ ਹੋ ਦੂਰ ਜਾਵਣ,
ਖੁਸ਼ੀ ਹੋ ਜਾਵੇ ਬੁਢਾ ਬਾਲ ਸਾਡਾ !
ਕਟੇ ਅਜਾਂ ਦੇ ਕੁਲ ਜੰਜਾਲ ਜਾਵਣ,

ਸੁਖੀ ਹੋ ਜਾਵੇ ਵਾਲ ਵਾਲ ਸਾਡਾ !
ਸਾਡੀ ਐਤਨੀ ਮਨ ਅਰਦਾਸ ਸਤਿਗੁਰ,
ਦੇਸ਼ ਉਜੜਿਆ ਹੋ 'ਆਜ਼ਾਦ' ਜਾਵੇ !
ਹੋਵੇ ਜ਼ੁਲਮ ਦਾ ਨਾਸ ਕਰਤਾਰ ਵਾਲੇ,
ਵੱਤਨ ਅਸਾਂ ਸੰਦਾ ਹੋ ਤਾਂ ਸ਼ਾਦ ਜਾਵੇ !

—o—

## ਵੱਜਿਆ ਨਗਾਰਾ ਜੇ ਤਿਆਰਾ ਕਰੋ ਵਡਾ ਭਾਰਾ

ਨਾਭੇ ਦੇ ਬਚੌਣ ਤੇ ਸ਼ਹੀਦੀਆਂ ਦੇ ਪੌਣ ਲਈ,
ਜ਼ੁਲਮ ਹਟੌਣ ਲਈ ਧਾਰੀ ਇਹ ਅਕਾਲੀਆਂ !
ਮਰ ਜਾਵੇਂ ਜਰ ਜਾਵੇਂ ਭੇਟ ਹੋਵੇਂ ਗੋਲੀ ਵਾਲੀ,
ਐਪਰ ਨਾ ਪੀਛੇ ਹਟੇਂ ਕਟੇਂ ਵਾਂਗ ਡਾਲੀਆਂ !
ਐਸੀ ਜ਼ਿੰਦਗਾਨੀਨਾਲੋਂ ਭਲੀਹੈ ਸ਼ਹੀਦੀ ਪਾਣੀ,
ਗੁਰੂ ਦਾਤ ਉਤੋਂ ਵਾਰ ਦੇਣੀ ਜਾਨ ਮਾਲੀਆਂ !
ਗੁਲਾਮੀਦੇ ਜੀਊਣਨਾਲੋਂਮੌਤਹੈ ਆਜ਼ਾਦੀ ਚੰਗੀ,
ਹੋਵੇ ਬਰਬਾਦੀ ਭਾਵੇਂ ਹੋਣ ਖੁਸ਼ਹਾਲੀਆਂ !

—o—

ਰਾਗ ਰੰਗ ਸਾਕ ਸੰਗ ਵਾਲੜੇ ਖਿਆਲ ਤੱਜ,
ਭੱਜ ਭੱਜ ਆਏ ਸ਼ਾਂਤਮਈ ਪਹਿਲਵਾਨ ਜੀ !
ਹੋਇਕੇ ਪਤੰਗੇ ਛੱਡ ਆਏ ਦੰਗੇ ਦੂੰਗੇ ਤਾਈਂ,
ਨਾਭੇ ਵਾਲੀ ਸ਼ਮਾਂ ਉਤੋਂ ਹੋਣ ਕੁਰਬਾਨ ਜੀ !
ਹੀਰ ਜੋ ਆਜ਼ਾਦੀ ਸ਼ਾਹਜ਼ਾਦੀ ਸਵਰਾਜ ਵਾਲੀ,
ਰਾਂਝੇ ਬਣ ਆਏ ਦੀਦ ਪ੍ਰੀਤਮ ਦੀ ਪਾਨ ਜੀ !
ਛੱਡਕੇ ਬਖੇੜੇ ਝੇੜੇ ਬਲਖ ਬੁਖਾਰਿਆਂ ਦੇ,

'ਮਹੀਂਵਾਲ ਆਏ ਸੋਹਣੀ'ਉਤੋਂ ਦੇਨਪ੍ਰਾਨ ਜੀ!

—o—

ਹੋਇਕੇ ਦੀਵਾਨੇ ਮਸਤਾਨੇ ਵਾਂਗ ਮਜਨੂੰ ਦੇ,
ਦੇਸ਼ ਦੇ ਪਿਆਰੇ ਆਏ ਰਖ ਤਲੀ ਜਾਨ ਜੀ!
ਪ੍ਰੀਤਮ ਦੀ ਗਲੀ ਭਲੀ ਪਾਵਣੀ ਸੁਖੱਲੀ ਬਿੱਧ,
ਪਾਇ ਤਰਥੱਲੀ ਆਏ ਸੂਰਮੇ ਜਵਾਨ ਜੀ!
ਬੀਰ ਇਹਬਸਾਲੀ ਘੱਟਾ ਕਾਲੀਵਾਂਗ ਉਤਰੇ ਆ,
ਬੀਰ ਇਹ ਅਕਾਲੀ ਸੋਹਣੇ ਸੂਰੇ ਬਲਵਾਨ ਜੀ!
ਧੰਨ ਧੰਨ ਵਾਰੀ ਵਾਰੀ ਜਾਂਵਾ ਗੁਰ ਸਿੱਖਨ ਤੋਂ,
ਦੇਸ਼ ਦੀ ਆਜ਼ਾਦੀ ਹਿੱਤ ਆਪਾ ਕੁਰਬਾਨ ਜੀ!

—o—

ਪਿੰਡਾਂ ਪਿੰਡਾਂ ਵਿਚੋਂ ਮੈਨੂੰ ਏਹੀਆਵਾਜ਼ਾਂ ਔਣ,
ਕੱਦ ਦਸੋ ਖਾਲਸਾ ਜੀ ਨਾਭੇ ਵਲ ਜਾਵਣਾ!
ਗੁਰੂ ਦਾਤ ਹਿੱਤ ਕੱਦ ਵਾਰਨੇ ਪਰਾਨ ਅਸਾਂ,
ਹੋਇਕੇ ਸ਼ਹੀਦ ਕੱਦ ਜੱਸ ਬੜੋ ਪਾਵਣਾ!
ਜ਼ੁਲਮੀ ਤਨੂਰ ਭੱਖ ਹੋ ਗਿਆ ਅੰਗਾਰੇ ਵਾਂਗੂੰ,
ਰੱਤ ਡੋਲ੍ਹ ਏਸ ਤਾਈਂ ਕਦ ਹੈ ਬੁਝਾਵਣਾ!
ਛੇਤੀਦਸੋ ਖਾਲਸਾ ਜੀ ਹੋਗਿਆ ਜੀਉਣ ਔਖਾ,
ਵਾਰਕੇ ਪਰਾਣ ਕਦ ਬੰਦੀ ਨੂੰ ਛੁਡਾਵਣਾ!

—o—

ਅੱਜ ਮੈਂ ਸੰਦੇਸਾ ਦੇਵਾਂ ਗੁਰੂ ਦੇ ਪਿਆਰਿਆਂ ਨੂੰ,
ਜਾਬਰਾਂ ਨੇ ਤੀਰ ਜੋ ਚੜ੍ਹਾ ਲਿਆ ਕਮਾਨ ਵਿਚ!
ਜ਼ੁਲਮਾਂ ਦਾ ਹੜ੍ਹ ਚੜ੍ਹ ਆਇਆ ਜੇ ਅਪਾਰ ਯਾਰੋ,
ਤੋਲ ਲੈਣਾਂ ਬਲ ਜੋੜਾ ਤੁਸਾਂ ਦਾ ਜਹਾਨ ਵਿੱਚ!

ਪਿਛੇਰਹਿਣ ਵਾਲਾਵੇਲਾਰਿਹਾਨਹੀਂਜੇਕੋਈਹੁਣ,
ਏਹੋ ਹੀ ਆਵਾਜ਼ਾਂ ਔਣ ਕੁਲ ਹਿੰਦਵਾਨ ਵਿੱਚ !
'ਵਜਿਆ ਨਗਾਰਾ ਜੇ ਤਿਆਰ ਕਰੋ ਵੱਡਾ ਭਾਰਾ,
ਸ਼ਾਂਤਮਈ ਸੂਰਮੇ ਤਾਂ ਔਣ ਜੀ ਮੈਦਾਨ ਵਿੱਚ' !

—o—

ਆਓ! ਭਾਈ ਆਓ !! ਹਣ ਦੇਰ ਨਾ ਲਗਾਓ ਕਾਈ,
ਹੋਇਕੇ ਤਿਆਰ ਆਓ ਛਾਤੀਆਂ ਨੂੰ ਤਾਣ ਜੀ !
ਗੋਲੀ ਨਾਲਹੋਲੀ ਖੇਡੋ ਜਾਇ ਰੰਗੋ ਚੋਲੀ ਭਾਈ,
ਡੋਲੀ ਤਾਂ ਆਜ਼ਾਦੀ ਲੈਣ ਹਿੱਤ ਦਿਓ ਪਰਾਣ ਜੀ !
ਸ਼ਾਂਤਮਈ ਢਾਲ ਲੈਕੇ ਆਵਣਾ ਮੈਦਾਨ ਵਿੱਚ,
ਧੀਰਜ ਸੰਤੋਖ ਸੰਦੇ ਲਈ ਔਣੇ ਬਾਣ ਜੀ !
ਐਹੋ ਜਿਹਾਜੰਗ ਇਹ'ਆਜ਼ਾਦੀ ਵਾਲਾਕਰੋ ਹੁਣ,
ਨਾਭੇ ਵਿਚੋਂ ਉਠ ਜਾਵੇ ਗੈਰਾਂ ਵਾਲੀ ਕਾਣ ਜੀ !

—o—

## ਤੇਰੇ ਬਾਝ ਦੁਖੀਏ ਵਾਲ ਵਾਲ ਬਾਬਾ

ਬਾਬਾ ! ਪਾ ਹੁਣ ਆਣਕੇ ਝਾਤ ਛੇਤੀ,
ਆਪਣੀ ਉੱਮਤ ਨੂੰ ਪਾਰ ਲੰਘਾਣ ਲਈ !
ਆ ਗਏ ਜ਼ੁਲਮ ਦੇ ਹੜ੍ਹ ਚੁਫ਼ੇਰ ਤੋਂ ਹੀ,
ਤੇਰੀ ਘਾਲ ਘਾਲੀ ਨੂੰ ਰੁੜ੍ਹਾਣ ਲਈ !
ਨਾ ਹੈ ਸਮਝ ਕੀਤੀ ਨਾ ਹੈ ਸੋਚ ਕੀਤੀ,
ਜਾਬਰ ਜਬਰ ਕਮਾਨ ਹੇ ਤਾਣ ਲਈ !
ਕਾਤੀ ਖਿੱਚ ਮਾਰੀ ਛਾਤੀ, ਜਬਰ ਵਾਲੀ,
ਤੇਰੇ ਧਰਮ ਦਾ ਬੀਜ ਉਠਾਣ ਲਈ !

ਬਾਬਰ ਸ਼ਾਹ ਥੀਂ ਵਧਿਆ ਕਹਿਰ ਇਸਦਾ,
ਬੁੱਢਾ ਫਲਕ ਵੀ ਵੇਖਕੇ ਕੰਬ ਗਿਆ!
ਸੂਰਜ ਪਾਪ ਦੀ ਰਾਤ ਦੇ ਨਾਲ ਲੁਕਿਆ,
ਵੇਖ, ਜ਼ੁਲਮ ਨੂੰ ਮੰਦ ਹੋ ਚੰਦ ਗਿਆ!

—o—

ਸਾਈਂ ਵੇਖ ਆਕੇ ਜ਼ਰਾ ਹਿੰਦ ਅੰਦਰ,
ਜਾਬਰ ਰੱਬ ਦਾ ਖੌਫ਼ ਵਿਸਾਰ ਰਹੇ ਨੀ!
ਕਰਕੇ ਕੱਤਲ ਕਾਨੂੰਨ ਇਨਸਾਫ਼ ਤਾਈਂ,
ਗਰਮ ਜ਼ੁਲਮ ਦੇ ਕਰ ਬਾਜ਼ਾਰ ਰਹੇ ਨੀ!
ਸਾਧ ਬੱਝਦੇ ਨੀ ਚੋਰ ਛੁੱਟਦੇ ਨੀ,
ਉਤੇ ਧਰਮੀਆਂ ਹੋ ਅੱਤਯਾਚਾਰ ਰਹੇ ਨੀ!
ਮੌਜ ਲੈ ਕੂੜਯਾਰ ਬੁਰਯਾਰ ਰਹੇ ਨੀ,
ਤੇਰੇ ਸਿੱਖ ਪਰ ਖਵਾਰ ਰਹੇ ਨੀ!
ਤੇਰੀ ਸਿੱਖੀ ਨੂ ਪਾਲਦੇ ਅੱਜ ਬਾਬਾ!
ਅਸੀਂ ਸਾਜ਼ਸ਼ੀ ਅਤੇ ਗਦਾਰ ਹੋ ਗਏ!
ਚੁਲੀਆਂ ਦੁਧ ਪਿਲਾ ਜੋ ਸੀਗ ਪਾਲੇ,
ਸੱਪਬੁਕਲਾਂ ਦੇ ਜ਼ਹਿਰੀ ਮਾਰ ਹੋ ਗਏ!

—o—

ਵੇਖ ਅਖੀਆਂ ਥੀਂ ਬਾਬਾ ਹਾਲ ਆਕੇ,
ਕਿਵੇਂ ਜ਼ੋਰ ਵਾਲੇ ਮਾਰੋ ਮਾਰ ਕਰਦੇ!
ਬਿਨਾਂ ਸੋਚਿਆਂ ਹੀ ਪਕੜ ਧਰਮੀਆਂ ਨੂੰ,
ਜਕੜ ਵਿਚ ਜ਼ੰਜੀਰਾਂ ਲਾਚਾਰ ਕਰਦੇ!
ਹੁਝਾਂ ਮਾਰਦੇ ਤੇ ਡਾਂਗਾਂ ਨਾਲ ਫੇਂਹਦੇ,
ਮਾਰ ਬਰਛੀਆਂ ਜਿਗਰ ਥੀਂ ਪਾਰ ਕਰਦੇ!

ਬੰਨ੍ਹ ਧਰਮੀਆਂ ਨੂੰ ਜਲਾਵਤਨ ਕਰਦੇ,
ਨਾਲ ਜ਼ੋਰ ਦੇ ਿੰਦ ਸੁਧਾਰ ਕਰਦੇ।
ਤੇਰੇ ਵਿਚ ਗੁਰਧਾਮਾਂ ਦੇ ਹੋਣ ਮੁਜਰੇ,
ਅਤੇ ਨਿੱਤ ਸ਼ਰਾਬ ਦਾ ਦੌਰ ਚਲੇ!
ਕਰੇ ਕੋਈ ਨਾ ਸਿੱਖ ਸੁਧਾਰ ਜਾਕੇ,
ਦਫ਼ਾ ਬਾਨਵੇਂ ਦੀ ਨਾਹੀਂ ਡੋਰ ਹਲੇ!

—o—

ਆ ਵੇਖ ਆਕੇ! ਤੇਰੇ ਪਿਆਰਿਆਂ ਦਾ,
ਖ਼ੂਨ ਬਿਰਥੜਾ ਹੀ ਬਾਬਾ ਜਾਨ ਲਗਾ!
ਕਬਜ਼ੇ ਦਸ ਕਾਨੂਨ ਵਿਰੁਧ ਮੂਜੀ,
ਤੇਰੀ ਉੱਮਤ ਕੁਠਾਲੜੀ ਪਾਨ ਲਗਾ!
ਲੱਕੜਾਂ ਪਾਕੇ ਹਿੰਦ ਡੰਡਾਵਲੀ ਚੋਂ,
ਹੈ ਅਨਯਾਂ ਤੰਦੂਰ ਤਪਾਣ ਲਗਾ!
ਤੇਰੇ ਪੰਥ ਦੇ ਹੀਰਿਆਂ ਤਾਈਂ ਪਿਆਰੇ,
ਵਿਚ ਸੁੱਟਕੇ ਜ਼ਾਲਮ ਜਲਾਣ ਲਗਾ
ਸਤਿਗੁਰੂ ਜੀ ਤੇਰੀ ਬਖਸ਼ੀਸ਼ ਤਾਈਂ,
ਰਖਣ ਵਾਲਿਆਂ ਨੂੰ ਜਾਬਰ ਖਾਣ ਲਗੇ!
ਤੇਰੀ ਮਹਿਕਦੀ ਏਸ ਗੁਲਜ਼ਾਰ ਤਾਈਂ,
ਧਾਰ ਜਬਰ ਦੀ ਨਾਲ ਕਤਲਾਣ ਲਗੇ!

—o—

ਪਰਉਪਕਾਰੀਆ! ਦਰਦ ਵੰਡਾ ਸਾਡਾ,
ਤੇਰੇ ਬਾਝ ਨਾ ਦਰਦ ਵੰਡਾਏ ਕੋਈ!
ਤੇਰੇ ਬਿਨਾਂ ਨਾ ਕੋਈ ਨਿਮਾਣਿਆਂ ਦਾ,
ਪਰਉਪਕਾਰ ਖਾਤਰ ਜਿੰਦ ਲਾਏ ਕੋਈ!

ਬਿਰਧ ਬਾਨਿਆਂ ਦੀ ਲਾਜ ਤੁਧ ਨੂੰ ਹੀ,
ਭਗਤ ਵਛਲ ਨਾ ਹੋਰ ਕਹਾਏ ਕੋਈ!
ਬਾਝ ਤੁਧ ਨਾ ਹੋਰ ਕੋ ਸਾਈਂ ਵਾਲੇ,
ਤੱਪਦੀ ਜ਼ੁਲਮ ਦੀ ਅੱਗ ਬੁਝਾਏ ਕੋਈ!

—o—

ਭਗਤ–ਵਛਲ ਤੇ ਰੂਪ ਕਰਤਾਰ ਵਾਲੇ,
ਸਾਰ ਲੈ ਹੁਣ ਆਣ ਨਿਮਾਣਿਆਂ ਦੀ!
ਨਿ ਪਾਪ ਦੇ ਜੁਲਮ ਦਾ ਨਾਸ ਕਰ ਦੇ;
ਲਾਜ ਰੱਖ ਲੈ ਆਣ ਨਿਤਾਣਿਆਂ ਦੀ
ਜ਼ੋਰਾਂ ਵਾਲਿਆਂ ਤਾਈਂ ਸਮਝਾ ਬਾਬਾ!
ਮੱਤ ਠੀਕ ਕਰ ਦੇ ਔਝੜ ਜਾਣਿਆਂ ਦੀ!
ਤੇਰੀ ਆਸ ਰੱਖੀ ਇਕੋ ਦਰਦੀਆਂ ਨੇ,
ਝਾਕ ਛੱਡਕੇ ਹੋਰ ਟਿੱਕਾਣਿਆਂ ਦੀ!
ਤੂੰ ਹੈਂ ਵਾਲੀ ਆਪਣੀ ਉੱਮਤਾਂ ਦਾ,
ਤੇਰੇ ਬਾਝ ਨਾ ਕੋਈ ਰਖਵਾਲ ਬਾਬਾ!
ਆਪਣੇ ਪੰਥ ਦੀ ਆਣਕੇ ਬਾਂਹ ਫੜ ਲੈ,
ਤੇਰੇ ਬਾਝ ਦੁਖੀਏ ਵਾਲ ਵਾਲ ਬਾਬਾ!

—o—

## ਸ਼ਾਂਤਮਈ

ਲੋਕੀ ਪੁਛਦੇ ਦਸ 'ਆਜ਼ਾਦ, ਸਾਨੂੰ,
ਸ਼ਾਂਤਮਈ ਦੇ ਵਿੱਚ ਭਲਯਾਈ ਕੀ ਏ?
ਡਾਂਗਾਂ ਖਾਵਣੇ ਜਿਸਮ ਤੁੜਾਵਣੇ ਚੋਂ,
ਜ਼ਰਾ ਸੋਚਕੇ ਦਸ ਦਾਨਾਈ ਕੀ ਏ?

ਕੇਸਾਂ ਦਾੜ੍ਹੀਆਂ ਤਾਂਈਂ ਪੁਟਾਵਣੇ ਵਿਚ,
ਹੈਗੀ ਏਸ ਅਸੂਲ ਸਚਿਆਈ ਕੀ ਏ ?
ਕਵੇਂ ਫਤੇ ਹੋਦੀ ਮਾਰ ਖਾਨ ਅੰਦਰ,
ਸਤਿਆਗ੍ਰਹਿ ਦੀ ਭਲਾ ਲੜਾਈ ਕੀ ਏ ?
ਏਸ ਗਲ ਦਾ ਲੈਣ ਜਵਾਬ ਲਈ,
ਜਾਕੇ ਪੁਛ ਲੌ ਕਿਸੇ ਪਤੰਗ ਕੋਲੋਂ !
ਹੜਾ ਦੀਦ ਉਪਰ ਸਦਕੇ ਹੋ ਜਾਵੇ,
ਨਾਲੇ ਪੁਛ ਲੌ ਜਾਇ ਕੁਰੰਗ ਕੋਲੋਂ !

—o—

ਪੁਛੋ ਜਾਇਕੇ ਰਤਾ ਫਰਹਾਦ ਤਾਂਈਂ,
ਜਿਨੇ ਪੁਟਆ ਸੀ ਪਰਬਤ ਭਾਰਿਆਂ ਨੂੰ !
ਜਾਰੀ ਨੈਹਰ ਕੀਤੀ ਝੱਲੇ ਕਸ਼ਟ ਭਾਰੇ,
ਖਾਤਰ ਦੀਦਨਾ ਯਾਰ ਪਿਆਰਿਆਂ ਨੂੰ !
ਸੋਹਣੀ ਵਿਚ ਝਨਾ ਦੇ ਡੁਬ ਮੋਈ,
ਜ਼ਰਾ ਸਬਰ ਵਾਲੇ ਤੱਕੋਕਾਰਿਆਂ ਨੂੰ !
ਸੀਸ ਰੱਖ ਤੱਲੀ ਭੀੜੀ ਗੱਲੀ ਵੜਦੇ,
ਪਿਆਰੇ ਛੱਡ ਕੇ ਬਲਖ ਬੁਖਾਰਿਆਂ ਨੂੰ !
ਗੁਰੂ ਅਰਜਨ ਪਿਆਰੇ ਤੋਂ ਜਾ ਪੁਛੋ,
ਜੇਹੜੇ ਬੈਠ ਗਏ ਸਨ ਤਵਿਆਂ ਤਤਿਆਂ ਤੇ !
ਬਲਦੀ ਰੇਤ ਪਵਾਈ ਸੀ ਬਦਨ ਉਪਰ,
ਮਾਨੋ ਅੱਗ ਵਰਸੀ ਕੋਮਲ ਪਤਿਆਂ ਤੇ !

—o—

ਉਬਲੇ ਦੇਗ ਅੰਦਰ ਲੱਥੀ ਖਲ ਗੁਰ ਦੀ,
ਐਪਰ ਵਿਚ ਭਾਣੇ ਸ਼ੁਕਰ ਜਾਣਿਆ ਸੀ !

ਸ਼ੁਕਰ ਸ਼ੁਕਰ ਕੈਹਾ ਭਾਣਾ ਮੰਨ ਲਿਆ,
ਭਾਵੇਂ ਡਾਢਾ ਸਤਾਇਆ ਜਰਵਾਣਿਆਂ ਸੀ !
ਜਿਵੇਂ ਵਿਚ ਭੱਠਾਂ–ਖਿਲਾਂ ਹੋ ਕਰਕੇ,
ਉਫ ! ਹਾਇ !! ਨਾ ਆਖਿਆ ਦਾਣਿਆਂ ਸੀ !
ਤਿਵੇਂ ਗੁਰੂ ਮੇਰੇ ਝੱਲ ਕਸ਼ਟ ਸਿਰ ਤੇ,
ਪੈਕੇ ਵਿਚ ਦੁਖਾਂ ਸੁਖ ਮਾਣਿਆ ਸੀ !
ਏਹਦੇ ਵਿਚ ਵੀ ਸਾਨੂੰ ! ਭੇਦ ਹੈਸੀ,
ਜੇਹੜਾ ਕਸ਼ਟ ਮੇਰੇ ਗੁਰੂ ਝਲਿਆ ਸੀ !
ਬੇੜਾ ਜ਼ੁਲਮ ਵਾਲਾ ਛੇਤੀ ਭਰੇ ਲੋਕੋ,
ਤੱਦੇ ਬਿੱਖੜਾ ਰਾਸਤਾ ਮਲਿਆ ਸੀ !

— —

ਪੁਛੋ ਜਾ ਕਰਕੇ ਨਾਵੇਂ ਗੁਰੂ ਕੋਲੋਂ,
ਜਿਨਾ ਜਾਇ ਦਿੱਲੀ ਸੀਸ ਵਾਰਿਆ ਸੀ !
ਹੱਸ ਹੱਸਕੇ ਸਹੇ ਸੀ ਕਸ਼ਟ ਸਿਰ ਤੇ,
ਸਾਰਾ ਜਿਸਮ ਤੇ ਦੁਖ ਸਹਾਰਿਆ ਸੀ !
ਮੱਤੀ ਦਾਸ ਸੂਰੇ ਸਤਿਆਗ੍ਰਹਿ ਕਰਕੇ,
ਆਰੇ ਨਾਲ ਚਰਾ ਤੱਨ ਡਾਰਿਆ ਸੀ !
ਬੇੜਾ ਜ਼ਾਲਮਾਂ ਦਾ ਗ਼ਰਕ ਕਰਨ ਲਈ,
ਜਿਸਮ ਆਪਣੇ ਦੇ ਤਾਂਈ ਗਾਰਿਆ ਸੀ !
ਮਨੀ ਸਿੰਘ ਜੀ ਨੇ ਟੋਟੇ ਟੋਟੇ ਹੋਕੇ,
ਅਗੇ ਵਾਹਿਗੁਰੂ ਇਹੋ ਅਰਜ਼ੋਈ ਕੀਤੀ !
ਗ਼ਰਕ ਜ਼ਾਲਮਾਂ ਦਾ ਬੇੜਾ ਕਰੀਂ ਰੱਬਾ,
ਲਾਕੇ ਸੀਸ ਅਪਨਾ ਖ਼ੂਨੀ ਸਹੀ ਕੀਤੀ !

—o—

ਜੋਹੜੀ ਕਾਰ ਪਿਛੇ 'ਗੁਰੂ, ਸੇਵਕਾਂ ਨੇ,
ਸਾਂਝਾ ਬੱਲ ਲਾ ਦਿੱਤੀ ਸੀ ਕੁਰਬਾਨੀ !
ਸੋਈ ਕਾਰ ਹੋਈ ਨਾਸ ਜ਼ੁਲਮ ਹੋਇਆ,
ਟੁਟੀ ਜਾਬਰਾਂ ਦੀ ਯਾਰੋ ਜਬਰ ਕਾਨੀ !
ਜਿੱਤ ਧਰਮ ਦੀ ਹੋਈ ਮੈਦਾਨ ਅੰਦਰ,
ਸੁਫਲ ਧਰਮੀਆਂ ਦੀ ਹੋਈ ਜ਼ਿੰਦਗਾਨੀ !
ਹਰੀ ਭਰੀ ਕੀਤੀ ਖੇਤੀ ਧਰਮ ਵਾਲੀ,
ਹੋਏ ਸਦਾ ਅੱਟਲ ਓਹ ਜਿਸਮ ਫਾਨੀ !
ਲੋਕੋ ! ਸ਼ਾਂਤ ਅੰਦਰ ਹੈਗੀ ਜਿੱਤ ਸਾਰੀ,
ਫੈਦਾ ਬਹੁਤ ਵੀਰੋ ! ਮਰ ਜਾਨ ਅੰਦਰ !
ਕਸ਼ਟ ਝਲਣੇ ਅਤੇ ਤਸੀਹੇ ਲੈਣੇ,
ਸੀਸ ਆਰਿਆਂ ਹੇਠ ਚੁਰਵਾਨ ਅੰਦਰ !

—o—

## 'ਦੁਖੀ ਬੁੱਲਬੁੱਲਾਂ ਦੀ ਪਿੰਜਰੇ ਵਿਚ ਬੇ ਕਰਾਰੀ !'

ਸੱਯਾਦ ਅਗੇ ਫਰਯਾਦ !!

ਵੇ ਸਯੱਦ ਅੜਿਆ ! ਜ਼ਰਾ ਚੈਨ ਕਰ ਹੁਣ,
ਐਵੇਂ ਮਾਰ ਨਾ ਖਿੱਚਕੇ ਕਾਂਤੀਆਂ ਨੂੰ !
ਸਾਨੂੰ ਛੱਡ ਹੁਣ ਲਈਏ ਉਡਾਰੀਆਂ ਵੇ,
ਸਾਂਈਂ ਵਾਸਤੇ ਮੰਨ ਲੈ ਬਾਤੀਆਂ ਨੂੰ !
ਅਸੀਂ ਹੋ ਨਮਾਨਣੀਆਂ ਦਾਨ ਮੰਗੀਏ,
ਭਿਖਿਆ ਪਾ ਹੁਣਚਿਰਾਂ ਦੀਆਂਫਾਤੀਆਂ ਨੂੰ !
ਲਗੇ ਪਏ ਨੀ ਬ੍ਰਿਹੋਂ ਦੇ ਤੀਰ ਸੀਨੇ,
ਖ਼ੋਲ ਵੇਖ ਲੈ ਸਾਡੀਆਂ ਛਾਤੀਆਂ ਨੂੰ !

ਅਸੀ ਮਾਨ ਲਈਏ ਜ਼ਰਾ ਰਗ ਰਲੀਆਂ,
ਸਾਡੀ ਆਗਈ ਹੁਨ ਬਹਾਰ ਅੜਿਆ!
ਹੋਈ ਰੁਤ ਖਿਜਾਂ ਜੇ ਖੱਤਮ ਮੱਸੀਂ,
ਚਿਰਾਂਬਾਦੂ ਆਇਆ ਸਾਡਾ ਯਾਰ ਅੜਿਆ!

—o—

ਖੋਲ੍ਹ ਪਿੰਜਰਾ! ਅਸੀ 'ਆਜ਼ਾਦ, ਹੋਈਏ,
ਜਾਕੇ ਨਾਲ ਯਾਰਾਂ ਮੌਜਾਂ ਮਾਣੀਏ ਵੇ!
ਅਸੀਂ ਮਨੀਏ ਬੜਾ ਏਹਸਾਨ ਤੇਰਾ,
ਤੇਰਾ ਬੜਾ ਪ੍ਰੇਮ ਹੀ ਜਾਣੀਏ ਵੇ!
ਖ਼ੁਸ਼ੀ ਵਸੀਏ ਮਾਣੀਏ ਰੰਗ ਅੜਿਆ,
ਨਾਲ ਮਿਲ ਕਰਕੇ ਆਪਨੇ ਹਾਣੀਏ ਵੇ!
ਅਸੀ ਵਾਸਤਾ ਪਾਂਦੀਆਂ ਸਾਂਈਂ ਸੰਦਾ,
ਤਾਣੀ ਪ੍ਰੇਮ ਸੰਦੀ ਜਾਕੇ ਤਾਣੀਏ ਵੇ!
ਮੰਨ ਆਜਜ਼ਾਂ ਸੰਦਾ ਸਵਾਲ ਸਾਡਾ,
ਛੱਡ ਅਸਾਂ ਤਾਂਈਂ ਮੇਹਰਬਾਨ ਹੋਕੇ!
ਅੱਲਾ ਵਾਲਿਆਂ ਤਾਂਈਂ ਰਹਾ ਕਰਕੇ,
ਨੇਕੀ ਖ਼ੱਟ ਲੈ ਨੇਕ ਇਨਸਾਨ ਹੋਕੇ!

## ਬੇੜਾ ਪੂਰ ਉਮੀਦਾਂ ਵਾਲਾ,
## ਹਾ! ਸਾਗ਼ਰ ਵਿੱਚ ਬੋੜ ਦਿੱਤਾ!

ਹਾ!ਹਾ!! ਰੁਤਖਿਜ਼ਾਂਦੀ ਆਈ,ਸੂਕ ਗਏ ਬਾਗ਼ ਬਹਾਰ ਗਈ!
ਟੈਹਿਣੀਆਂ ਸੁੱਕੀਆਂ ਪੱਤੇ ਝੱੜ ਗਏ,ਰੋਂਦੀ ਬੁਲਬੁਲਾਂ ਡਾਰਗਈ!
ਗੁਛੇਟੁਟਗਏ ਫੁਲਕੁਮਲਾਰਾਇ,ਦੀਦਨਾਹਾਏ!ਦਿਲਦਾਰਗਈ!
ਪਾਇ ਜਾਕੇ ਕੀਹਦਾ ਦਰਸ਼ਨ? ਸਾਰੀ ਖੁਸ਼ੀ ਪਧਾਰ ਗਈ!

ਵੈਣ ਕਰੇਂਦੀ ਜ਼ਾਰੋ ਜ਼ਾਰੀ, ਹਾਇ ! ਪਿਆਰਾ ਚੱਲ ਗਿਆ !
ਲਾਏ ਹੱਥ ਖ਼ਿਜ਼ਾਂ ਨੇ ਡਾਢੇ, ਖਾਕੇ ਅੰਦਰ ਰੱਲ ਗਿਆ !
ਜੋਗੀ ਭੁੜਾ ਫੇਰੀ ਪਾ ਕੇ, ਜੰਗਲ ਦੀ ਰਾਹ ਮੱਲ ਗਿਆ !
ਚੰਦ ਨਾ ਵੇਖਿਆ ਰਜਕੇ ਲੋਕੋ ! ਛੇਤੀ ਛੇਤੀ ਢੱਲ ਗਿਆ !

—o—

ਹਾਇ ! ਬੁਰਾ ਖ਼ਿਜ਼ਾਂ ਏ ਤੇਰਾ, ਸੋਹਣਾ ਯਾਰ ਵਿਛੋੜ ਦਿੱਤਾ !
ਸੋਹਣੇ ਸੁੰਦਰ ਮੋਤੀ ਤਾਈਂ, ਹਾਰੋਂ ਕੱਢ ਕੇ ਤਰੋੜ ਦਿੱਤਾ !
ਖਾ ਕੇ ਗ਼ੁਸਾ ਛੁਰੀ ਚਲਾਈ, ਅੱਡ ਅੱਡ ਕਰ ਜੋੜ ਦਿੱਤਾ !
ਬੇੜਾ ਪੂਰ ਉਮੀਦਾਂ ਵਾਲਾ, ਸਾਗ਼ਰ ਵਿਚ ਆਹ ! ਬੋੜ ਦਿੱਤਾ !

—o—

ਨਾ ਕਰ ਅੜੀਏ ਗਿਰੀਆ ਜ਼ਾਰੀ, ਦੁਖੀਆਂ ਤਈਂ ਦੁੱਖਾ ਨਾਹੀਂ !
ਦੁੱਖਾਂ ਨਾਲ ਬੇਹਾਲ ਅਸੀ ਵੀ, ਸਾਡਾ ਦਿੱਲ ਤੜਪਾ ਨਾਹੀਂ !
ਤੇਰੇ ਵਾਂਗ ਬਹਾਰ ਅਸਾਡੀ, ਕੀ ਦੱਸ ਖਾਂ ਗਈ ਧਾ ਨਾਹੀ ?!
ਖ਼ੁਸ਼ੀ ਦਾਤ ਪਿਆਰੇ ਗੁਰ ਦੀ, ਸਾਡੇ ਮਨ ਵਿੱਚ ਚਾ ਨਾਹੀਂ !

—:o:—

ਨਾਭੇ ਪਤੀ ਪਿਆਰੇ ਤਾਈਂ, ਤਖ਼ਤੋਂ ਲਾਹ ਪੱਟਕਾਇ ਦਿੱਤਾ !
ਵਾਲੀ ਮੁਲਕ ਜਾਗੀਰਾਂ ਵਾਲਾ, ਮਿੱਟੀ ਵਿਚ ਮਿਲਾਇ ਦਿੱਤਾ !
ਰਾਜਾ ਲੱਖਾਂ ਬੰਦਿਆਂ ਸੰਦਾ, ਵੇਖ ਫਕੀਰ ਬਣਾਇ ਦਿੱਤਾ !
ਵੱਲਛੱਲ ਕਰਕੇ ਨਾਲ ਦਗ਼ੇ ਦੇ, ਜਾਲੀ ਵਿਚ ਫਸਾਇ ਦਿੱਤਾ !

—o—

ਓਧਰ ਕੀਤਾ ਕੈਦ ਪਿਆਰਾ, ਐਧਰ ਕੀਤਾ ਕਾਰਾ ਏ !
ਪੰਥ ਪ੍ਰੇਮੀਆਂ ਤਾਈਂ ਫੜ ਕੇ, ਵਿਚ ਕੈਦ ਦੇ ਡਾਰਾ ਏ !
ਬਾਗ਼ੀ ਆਖ ਕਮੇਟੀ ਤਾਈਂ, ਰੱਬੀ ਹੁਕਮ ਵਸਾਰਾ ਏ !
ਗ਼ਰਕ ਕਰਨ ਨੂੰ ਬੀਰ ਅਕਾਲੀ, ਕੀਤਾ ਵੱਡਾ ਤਿਆਰਾ ਏ !

ਵਾਹਵਾ ! ਵੇਖੋ ! ਮੇਰੇ ਸੱਜਣੋ ! ਜੰਗ ਅਨੋਖਾ ਲੱਗ ਗਿਆ !
ਇਕ ਪਾਸੇ ਜੇ ਸੱਚ ਖੜੋਤਾ, ਦੂਜਾ ਪਾਖ਼ਾ ਝੂਠ ਲਿਆ !
ਇਕ ਬੰਨੇ ਨੇ ਸ਼ਾਂਤੀ ਯੋਧੇ, ਜਿਨਹਾਂ ਧਾਰੀ ਸੀਲ ਦੈਆ !
ਦੂਜੇ ਪਾਸੇ ਜਬਰ ਖੜੋਤਾ, ਤੋਪਾਂ ਤਾਈਂ ਗੱਡ ਲਿਆ !

—o—

ਜਿੱਤ ਹੋਵੇ ਹੁਣ ਕਿਸ ਦੀ ਯਾਰੋ, ਹੱਥ ਓਸੇ ਦੇ ਡੋਰੀ ਏ !
ਜੇਹੜੀ ਕਰਸੀ ਭਲੀ ਹੀ ਕਰਸੀ, ਗਲ ਉਸੀ ਪੁਰ ਛੋੜੀ ਏ !
ਯਾਰ ਸੁਣੀਦਾਂ ਭਗਤਾਂ ਕੇਰਾ ਦੁਸ਼ਟਾਂ ਪਕੜ ਨਘੋਰੀ ਏ !
ਵਾਰਸ ਬੰਨ੍ਹ ਦਿੱਲਾ ਹੁਣ ਤੂੰ ਵੀ, ਜ਼ੋਰਾਂ ਵਰ ਸਿਰ ਜ਼ੋਰੀ ਏ !

—o—

ਆਸਾ ਰੱਖ ਓਸੇ ਗੁਰ ਉਪਰ, ਦੁਖੀਆਂ ਨੂੰ ਜੋ ਸ਼ਾਦ ਕਰ !
'ਰੀਤੇ ਭਰੇ ਭਰੇ ਸਖਨਾਵੇ' ਉਜੜੇ ਥੇਹ ਆਬਾਦ ਕਰੇ !
ਦੁਖੀਆਂ ਤਾਈਂ ਸੁਖੀ ਕਰੇਂਦਾ, ਪੂਰੀ ਝੱਟ ਮੁਰਾਦ ਕਰੇ !
ਫਸਿਆਂ ਤਾਈਂ ਛੁਡਾਵੇਛੇਤੀ,ਬਧਿਆਂ ਜਲਦ'ਆਜ਼ਾਦ' ਕਰੇ !

—o—

## ਜੋੜ ਜੋੜ ਤੋੜ ਫਾਂਸੀ ਬੁਲਬੁਲਾਂ ਨੂੰ ਚਾੜ੍ਹਿਆ !

ਆਇਆ ਇਕਰਾਰ ਕਰ ਬਾਗ਼ ਦੇ ਬਚਾਵਣੇ ਨੂੰ,
ਮਾਲਕਾਂ ਨੇ ਮਾਲੀ ਜਾਣ ਪਾਲੀ ਕਰ ਵਾੜਿਆ !
ਚੰਗੀ ਰਖਵਾਲੀ ਕੀਤੀ ਡਾਲੀ ਡਾਲੀ ਕੱਟ ਦਿਤੀ,
ਖਾਲੀ ਕਰ ਬਾਗ਼ ਤਾਈਂ ਦਿੱਲ ਡਾਢਾ ਸਾੜਿਆ !
'ਨੀਤ' ਨੂੰ 'ਅਨੀਤ' ਕਰ ਧਾਰ ਬਦਨੀਤ ਚੀਤ,
ਰੀਤ ਬਿਸਰਾਈ ਮੀਤ ਪ੍ਰੀਤ ਪਾ ਉਜਾੜਿਆ !
ਖਿੜੇ ਫੁਲ ਤੋੜ ਦਿਤੇ ਗ਼ੁੰਚੇ ਮਰੋੜ ਦਿਤੇ,

ਜੋੜ ਜੋੜ ਤੋੜ ਫਾਂਸੀ ਬੁੱਲਬੁੱਲਾਂ ਨੂੰ ਚਾੜ੍ਹਿਆ !
ਭੱਠਾਂ ਚਾ ਤਪਾਯਾ ਉਤੇ ਚਾੜ੍ਹਿਆਂ ਕੜਾਂਜਾਂ ਰਾਹੀਆਂ,
ਚਾਰ ਕੂਟ ਤਾਈਆਂ ਇਨ੍ਹਾਂ ਚੰਦਰੇ ਕਸਾਈਆਂ ਨੇ !
ਫੱੜ ਫੱੜ ਪਾਈਆਂ ਵਿਚ, ਬੁੱਲਬੁੱਲਾਂ ਬੇਦੋਸੀਆਂ ਚਾ,
ਜਿੰਦਾ ਹੀ ਜਲਾਯਾਂ ਚਾ ਸ਼ੈਤਾਨ ਦਿਆਂ ਭਾਈਆਂ ਨੇ !
ਦੇਸ਼ ਸੰਦੇ ਭੌਰਿਆਂ ਦੇ ਭਾ ਦੀ ਇਹ ਖਿਜ਼ਾਂ ਆਈ,
ਜਿਨ੍ਹਾਂ ਦੀ ਬਹਾਰ ਯਾਰੋ ਕਰ ਲਈਆਂ ਧਾਈਆਂ ਨੇ !
ਪਤਾ ਨਹੀਂ ਸਾਂਈਂ ਮੇਰਾ ਤੁੱਠਸੀ ਦਿਆਲ ਕੱਦ?
ਹੋਣ ਤਾਂ'ਆਜ਼ਾਦ'ਲਈ ਪਾਈਆਂ ਤਾਂ ਦੁਹਾਈਆਂ ਨੇ !

—o—

## ਜ਼ਾਲਮ ਕੱਟ ਤਾਂ ਵਾਂਗ ਜੱਲਾਦ ਰਹੇ ਨੀ !

ਸਾਂਈਂ ! ਜ਼ਰਾ ਆ ਕੇ ਵੇਖ ਵਿਚ ਭਾਰਤ,
ਕਿਵੇਂ ਮਾਨ ਵਾਲੇ ਮਾਰੋ ਮਾਰ ਕਰ ਰਹੇ !
ਪਾਰੋਂ ਆ ਕੇ ਤੇ ਪਏ ਮੌਜ ਲੈ ਰਹੇ,
ਐਪਰ ਘਰਦਿਆਂ ਤਾਈਂ ਬੇਜ਼ਾਰ ਕਰ ਰਹੇ !
ਦੇਸ਼ ਵਾਲਿਆਂ ਨੂੰ ਮਿਲਣ ਦਾਣੇ ਵੀ ਨਾ,
ਬਾਹਰੋਂ ਆਏ ਪਰ ਮੌਜ ਬਹਾਰ ਕਰ ਰਹੇ !
ਕੋਈ ਹੋੜਦਾ ਨਹੀਂ ਹੈ ਮਾਲਕਾ ਵੇ,
ਪਾਪੀ ! ਨਸ਼ਰ ਤਾਂ ਸਰੇ ਬਾਜ਼ਾਰ ਕਰ ਰਹੇ !

—o—

ਜ਼ੋਰ ! ਪਾਪ !! ਦੀ ਮਾਲਕਾ ਹੱਦ ਹੋ ਗਈ,
ਮੱਤੇ ਮਾਨ ਦੇ ਕਰ ਅਪਰਾਧ ਰਹੇ ਨੀ !
ਤੇਰੇ ਬਾਲ ਨਮਾਣਿਆਂ ਤਾਂਈਂ ਬਾਬਾ,

ਜ਼ਾਲਮ ਕੱਟ ਤਾਂ ਵਾਂਗ ਜੱਲਾਦ ਰਹੇ ਨੀ !
ਦੀਨ _ਖੀਆਂ ਤੇ ਆਰੇ ਚੱਲ ਰਹੇ ਨੀ,
ਵੇਲੇ ਹੋਇਕੇ ਚੀਰ ਬੇਦਾਦ ਰਹੇ ਨੀ !
ਤੇਰੇ ਮਹਿਕਦੇ 'ਚਮਨ' ਨੂੰ ਖਿਜ਼ਾਂ ਬਣ ਕੇ,
ਨਾਲ ਜ਼ੋਰ ਦੇ ਕਰ ਬਰਬਾਦ ਰਹੇ ਨੀ !

—o—

ਸਾਈਂ! ਵੇਖ ਆ ਕੇ ਜ਼ਰਾ ਵਿਚ ਭਾਰਤ,
ਤੇਗਾਂ ਸਿਰੀਂ ਬੇ ਦੋਸਿਆ ਚੱਲ ਰਹੀਆਂ !
ਰਾਤ ਦਿਨੇ ਹੀ ਚੱਲ ਰਹੀ ਜਬਰ ਕਾਤੀ,
ਰੂਹਾਂ ਨੀਮ ਬਿਸਮਲ ਕੇਈ ਜੱਲ ਰਹੀਆਂ !
ਖੱਲਾਂ ਲੈਂਹਦੀਆਂ ਤੇ ਹੁੰਦੇ ਪਾਪ ਬਹੁਤੇ,
ਦਾਣੇ ਚੱਕੀਆਂ ਨੇ ਜੀਕਰ ਦੱਲ ਰਹੀਆਂ !
ਓਵੇਂ ਜ਼ਾਲਮਾਂ ਦੀ ਭੱਠੀ ਤਪੀ ਰੱਬਾ,
ਲਾਸ਼ਾਂ ਲੁਛਦੀਆਂ ਜਿਦੇ ਚੋ ਬੱਲ ਰਹੀਆਂ !

—o—

ਬੌਹੜੀਂ ੨ ਸਾਈਂ ਲੈ ਹੁਣ ਸਾਰ ਆ ਕੇ,
ਜਾਂ ਕੋ ਭੇਜ ਹੁਣ ਦਰਦ ਵੰਡਾਨ ਵਾਲਾ !
ਜੇਹੜਾ ਜ਼ੁਲਮ ਵਾਲਾ ਆ ਕੇ ਨਾਸ਼ ਕਰਦੇ,
ਹੋਵੇ 'ਧਰਮ' ਦਾ ਝੰਡਾ ਝੁਲਾਨ ਵਾਲਾ !
ਜ਼ਖਮੀ ਦਿੱਲਾਂ ਉਪਰ ਲਾਵੇ ਆਨ ਮਰਹਮ,
ਭੱਠਾਂ ਤੱਪਦਿਆਂ ਤਾਈਂ ਬੁਝਾਨ ਵਾਲਾ !
ਨਾਸ਼ ਕਰਨ ਹਾਰਾ 'ਜ਼ੋਰ ਰਾਜ' ਵਾਲਾ,
ਜਲੀ ਹਿੰਦ ਚੋਂ ਠੰਢ ਵਰਤਾਨ ਵਾਲਾ !

—o—

# ਪਾਪੀਆਂ ਨੇ ਪਾਪ ਵਾਲੀ ਅੱਤ ਯਾਰੋ ! ਚਾਈ ਜੋ !

ਰਾਜ ਇਕਬਾਲ ਗਇਓ ਪੰਥ ਫਸ ਜਾਲ ਗਇਓ,
ਚਾਲ ਹੋ ਕੁਚਾਲ ਗਇਓ ਮੰਦ ਹੋਇਓ ਹਾਲਸਾ !
ਗਿੱਦੜਾਂ ਮਚਾਈ ਦੂੰਦ ਹਾਲ ਤੇ ਦੁਹਾਈ ਪਾਈ,
ਆਏ ਜੋ ਭਖਾਰੀ ਬਨੇ ਰਾਜੇ ਓਹ ਕਮਾਲਸਾ !
ਹੋਈ ਮਿਰਗਾਲ ਭੂਏ ਕਰ ਤਾਂ ਕਮਾਲ ਦਿਤੀ,
ਹਾਲ ਤੋਂ ਬੇਹਾਲ ਕਰ ਦੀਓ ਪੰਥ ਖਾਲਸਾ !
ਚਾਲਸਾ ਇਹ ਚੱਲੀ ਤਰਥੱਲੀ ਮੱਚੀ ਗੱਲੀ ਗੱਲੀ;
ਜੱਲੀ ਪਾਇ ਕਾਗਾਂ ਰੂਪ ਧਾਰਿਓ ਕਹਾਲਸਾ !

—o—

ਐਸੀ ਚੱਲੀ ਚਾਲੀ ਝੱਲੀ ਹੋਇਕੇ ਕੁਚਾਲੀ ਕਰ,
ਬੀਰ ਤਾਂ ਬਤਾਲੀ ਬਨੀ ਆਜ ਵਾਲੀ ਸ਼ਾਹੀ ਜੋ !
ਮਦਾਰੀਆਂ ਦੇ ਵਾਂਗ ਫੱੜ ਗੁਥਲੇ ਕਾਨੂੰਨ ਵਾਲੇ,
ਅੱਤ ਹੇ ਮਚਾਈ ਕਲਾ ਸੁਤੜੀ ਜਗਾਈ ਜੋ !
ਭੁਲਕੇ 'ਅਕਾਲੀ ਜੋਤ ਵਾਲੀ ਦੋ ਜਹਾਨ' ਸੰਦੀ,
ਜ਼ਾਲਮਾਂ ਨੇ ਜ਼ੁਲਮ ਵਾਲੀ ਅੱਤ ਹੈ ਮਚਾਈ ਜੋ !
ਤਾਕਤ ਤੇ ਮਾਣ ਕਰ ਤੋਪਾਂ ਦਾ ਗੁਮਾਨ ਕਰ,
ਪਾਪੀਆਂ ਨੇ ਪਾਪ ਵਾਲੀ ਅੱਤ ਯਾਰੋ ! ਚਾਈ ਜੋ !

—o—

ਏਸ ਅੱਤ ਸੰਦਾ ਹੁਣ ਫੈਸਲਾ ਕਰਨ ਪਿਛੇ,
ਆਪ ਗੁਰੂ ਪਿਆਰੇ ਹੁਣ ਪਾਇਆ ਘਮਸਾਨ ਹੈ !
ਆਪਣੇ ਹੀ ਘਰ ਉਤੇ ਆਪ ਹੀ ਕਰਾਇਆ ਹੱਲਾ,

ਆਪ ਅੱਲਾ ਵਾਲਿਆਂ ਤੇ ਹੋਇਆ ਮੇਹਰਬਾਨ ਹੈ
ਝੱਲਿਆਂ ਦੀ ਤਾਕਤ ਦੇ ਮੇਟਣੇ ਨੂੰ ਸਾਈਂ ਪਿਆਰੇ,
ਧੀਰਜ ਸੰਤੋਖ ਸੰਦੀ ਤੇਗ਼ ਚਾੜ੍ਹੀ ਸਾਨ ਹੈ !
ਜਾਬਰਾਂ ਦੀ ਜਾਬਰੀ ਤੇ ਸਾਬਰਾਂ ਦੀ ਸਾਬਰੀ ਨੂੰ,
ਪਰਖਨ ਦੇ ਲਈ ਪਾਇਆ ਗੁਰੂ ਇਮਤਿਹਾਨ ਹੈ !

—:-◯-o-◯—

ਰਾਜ ਸਾਜ ਖਾਲਸੇ ਨੂੰ ਦੇਵਨ ਤਾਂ ਤਾਜ ਲਈ,
ਸੁਕੇ ਹੋਏ ਬਾਗ਼ ਪਿਆਰੇ 'ਪੰਥ, ਦੇ ਟਹਿਕੌਣ ਨੂੰ !
ਵਿੱਲੜਾਂ ਦੀ ਵਿੱਲ ਤਾਈਂ ਕਢਣੇ ਨੂੰ ਆਪ ਗੁਰੂ,
ਸੁਤੇ ਹੋਏ ਬੀਰਾਂ ਤਾਈਂ ਟੁੰਬਕੇ ਜਗੌਣ ਨੂੰ !
ਸੁਕੇ ਹੋਏ ਬੂਟਿਆਂ ਨੂੰ ਥਾਓਂ ਥਾਈਂ ਲਾਵਣੇ ਨੂੰ,
ਫੁਲਾਂ ਨੂੰ ਸਜਾਕੇ ਫੇਰ ਓਹਨਾਂ ਦੇ ਮਹਕੌਣ ਨੂੰ !
ਜਾਬਰਾਂ ਦੀ ਜਾਬਰੀ ਨੂੰ ਸਾਬਰਾਂ ਦੀ ਸਾਬਰੀ ਤੋਂ,
ਪਿਠ ਭਾਰ ਪਾਕੇ ਵੀਰ ਹਾਰਤਾ ਦਵੌਣ ਨੂੰ !

—:-◯-o-◯-:—

## ਸ਼ਾਂਤਮਈ ਤੇਸੇ ਜਦੋਂ ਦੱਬ ਮਾਰੇ ਤਦੋਂ ਜ਼ੁਲਮ ਦੇ ਪ੍ਰਬਤਾਂ ਢਹਿ ਜਾਣਾ

ਕੰਨ ਪਾੜਕੇ ਮੁੰਦਰਾਂ ਪਾਇ ਕਰਕੇ,
ਜੋਗੀ ਹੋਇ ਕਾਲੇ ਬਾਗੀਂ ਚਲਿਆ ਏ !
ਨਾਲ 'ਬ੍ਰਿਹੋਂ' ਦੇ ਹੋ ਗਿਆ ਚਾਕ ਸੀਨਾ,
ਡਾਢੇ 'ਦਰਦ ਮਾਹੀ' ਸੀਨਾ ਸਲਿਆ ਏ !
ਅੱਗ 'ਹਿਜਰ ਵਿਯੋਗ ਦੀ ਪਈ ਭੜਕੇ,
ਸਾਰਾ ਜੋਗੀੜੇ ਦਾ ਜਿਸਮ ਜਲਿਆ ਏ !

ਮੋਢੇ ਕੰਬਲੀ ਤੇ ਹੱਥ ਨਾਦ ਸੋਂਹਦਾ,
ਜਿਸਮ ਖਾਕ ਅੰਦਰ ਸਾਰਾ ਰਲਿਆ ਏ !
ਇਕ ਬ੍ਰਿਹੋਂ ਦੀ ਅੱਗ ਬੁਝੌਣ ਖਾਤਰ,
ਕਿਵੇਂ ਹੈ 'ਰਾਂਝਾ' ਪਿਆ ਦੁਖਾਂ ਅੰਦਰ !
ਸਹੇ ਓਸਨੇ ਕਸ਼ਟ ਹਜ਼ਾਰ ਸਿਰਤੇ,
ਜੇੜ੍ਹਾਜਿਸਮ ਪਲਿਆਯਾਰੋਸੁਖਾਂ ਅੰਦਰ !

—:-—-o-—-:—

ਜ਼ਰਾ ਤੱਕਣਾ ਤੁਸਾਂ ਨੇ ਓਸ ਵੇਂਨੀਂ,
ਕਾਲੀ ਰਾਤ ਡਾਢਾ ਧੂੰਦੂਕਾਰ ਹੋਯਾ !
ਵਸੇ ਮੀਂਹ ਅੰਧੇਰੜੀ ਵੱਗਦੀ ਏ,
ਚਾਰੋਂ ਤਰਫ ਈ ਗਰਦੇ ਗ਼ੁਬਾਰ ਹੋਇਆ !
ਇਕ ਖ਼ੂਬਸੂਰਤ ਸੋਹਣਾ ਐਸ ਵੇਲੇ,
ਘਰੋਂ ਨਿਕਲਕੇ ਬਾਹਰ ਨੂੰਤਯਾਰ ਹੋਯਾ !
ਜ਼ੋਰੀਂ ਚੜ੍ਹੀ ਝੱਨਾਂ ਚੋਂ ਠੱਲ੍ਹ ਪਿਆ,
ਕਚੇ ਘੜੇ ਉਪਰ ਹੀ ਸਵਾਰ ਹੋਯਾ !
ਪਕੇ ਕਚੇ ਦੀ ਨਾਹੀਂ ਵਿਚਾਰ ਕੀਤੀ,
ਇਕ 'ਸਿਕ ਮਹਿਬੂਬ, ਦੀ ਠੇਲ੍ਹ ਦਿੱਤਾ !
ਨਦੀ ਸ਼ੂਕਦੀ ਨਾਹੀਂ ਡਰਾ ਸੱਕੀ,
ਨਾਹੀਂ ਰਾਤ ਕਾਲੀ ਕਰ ਫੇਲ੍ਹ ਦਿਤਾ !

—:-—-o-—-:—

ਠਾਹ ਠਾਹ ਦੀ ਪਈ ਆਵਾਜ਼ ਆਵੇ,
ਕੋਈ ਪੁਟ ਰਿਹਾ ਪ੍ਰਬਤਾਂ ਭਾਰਿਆਂ ਨੂੰ !
ਨਾਲ ਸੱਟ ਦੇ ਖਿਚਕੇ ਜ਼ੋ ਅੰਦਰ,
ਉਚੀ ਬੋਲਦਾ 'ਸ਼ੀਰੀਂ' ਦੇ ਨਾਰ੍ਹਿਆਂ ਨੂੰ !

ਪੱਥਰ ਮੋਮ ਵਾਂਗੂ ਢੱਲਦਾ ਜਾਇ ਯਾਰੋ !
ਵੇਖ ਪ੍ਰੇਮੀਆਂ ਦੇ ਕਠਨ ਕਾਰਿਆਂ ਨੂੰ !
ਪੁਟ ਪ੍ਰਬਤਾਂ ਨੂੰ ਜਾਰੀ ਨਹਿਰ ਕੀਤੀ,
ਖਾਤਰਦਰਸ਼ਨਾਂ ਪ੍ਰੀਤਮ ਪਿਆਰਿਆਂ ਨੂੰ !
ਪਈ ਸੱਦ ਪਊਂਦੀ ਵਿੱਚ ਥਲੀਂ ਯਾਰੋ !
ਸੱਸੀ ਕੂਕਦੀ ਪੁਨੂੰ ਦਿਲਦਾਰ ਤਾਈਂ !
ਭੱਟਕ ਜਾਨ ਦਿੱਤੀ ਵਿਚ ਥੱਲਾਂ ਉਸਨੇ,
ਜਦੋਂ ਮਿਲੀ ਓਹਨਹੀਂ ਗ਼ਮਖਾਰ ਤਾਈਂ !

---:-o-o-o-:---

ਅਸੀਂ ਵਾਂਗ ਰਾਂਝੇ ਹੋਏ ਅੱਜ ਕਮਲੇ,
ਖੇੜੇ ਲੈ ਗਏ 'ਹੀਰ' ਸ਼ਾਹਜ਼ਾਦੜੀ ਨੂੰ !
ਲੈ ਗਏ ਨਾਲ ਜ਼ੋਰਾਂ ਵੱਲ ਛੱਲ ਕਰਕੇ,
ਭਾਰਤਵਰਸ਼ਦੀ ਸੋਹਣੀ ਆਜ਼ਾਦੜੀ ਨੂੰ !
ਘਰੋਂ ਕਢ ਦਿੱਤਾ ਰਾਂਝੇ ਚਾਕ ਤਾਈਂ,
ਮੇਟਣ ਆਪਣੀ ਵਲੋਂ ਤਗਾਦੜੀ ਨੂੰ !
ਸਾਰਾ ਮਾਲ ਮਤਾਹ ਵੀ ਲੁਟ ਲੈ ਗਈ,
ਰਹਿਮ ਆਵਣਾ ਕਦੋਂ ਸੀ ਹਾਬੜੀ ਨੂੰ !
ਐਪਰ ਅਸੀਂ ਵੀ ਲੈਕੇ ਛੱਡਣੀ ਏਂ,
ਸੀਸ ਤੱਲੀ ਉਪਰ ਅਸਾਂ ਰੱਖ ਲਿਆ !
ਹੋਯਾ ਦੀਦ ਜੇ ਸੀਸ ਦੀ ਫੀਸ ਦੇਕੇ,
ਤਾਂ ਵੀ ਸਮਝਸਾਂਗੇ ਵੱਟ ਲੱਖ ਲਿਆ !

+:-o-:+

ਅਸੀਂ ਬੰਦੇ ਅਕਾਲ ਹਾਂ ਜਾਇ ਵੜੇ,
ਏਸ ਜ਼ੁਲਮ ਦੀ ਵਗਦੀ ਝਨਾਂ ਅੰਦਰ !

L ARCHIVES LIBRARY
1969
1-2-72
GOVT OF INDIA

ਆਖ ਵਾਹਿਗੁਰੂ ਠਿਲ੍ਹ ਪਏ ਸੂੰਕਦੀ ਵਿਚ,
ਕਚੇ ਘੜੇ ਨੂੰ ਰਖ ਈਮਾਂ ਅੰਦਰ !
ਭਾਵੇਂ ਡੁਬ ਮਰੀਏ ਭਾਵੇਂ ਪਾਰ ਹੋਈਏ,
ਭਾਵੇਂ ਨਾਮ ਨਾ ਰਹੇ ਜਹਾਂ ਅੰਦਰ !
ਐਪਰ ਅਸਾਂ ਲੋਕੋ ਪਿਛਾਂ ਨਹੀਂ ਮੁੜਨਾ,
ਮਰ ਮਿਟਾਂਗੇ ਝੂਜ ਮੈਦਾਂ ਅੰਦਰ !
ਸ਼ਾਂਤਮਈ ਤੇਸੇ ਜਦੋ ਦੱਬ ਮਾਰੇ,
ਤਦੋ ਜ਼ੁਲਮ ਦੇ ਪ੍ਰਬਤਾਂ ਢੈਹਿ ਜਾਣਾ !
ਕੋਲੋਂ ਕੁਲ ਬਲਾਈਆਂ ਨਸ ਵੈਸਨ,
ਮਤਲਬ ਅਸਾਂ ਸੰਦਾ ਹੋ ਤੈਹਿ ਜਾਣਾ !

—()-o-()—

## ਅਜਬ ਰਸ ਹੈ ਪ੍ਰੇਮ ਦੇ ਨਾਮ ਅੰਦਰ,
## ਵੇਖੋ ਏਸ ਬਦਲੇ ਪ੍ਰੇਮੀ ਜਾਨ ਦੇਂਦੇ !

ਅਜਬ ਰਸ ਹੈ ਪ੍ਰੇਮ ਦੇ ਨਾਮ ਅੰਦਰ,
ਵੇਖੋ ਏਸ ਬਦਲੇ ਪ੍ਰੇਮੀ ਜਾਨ ਦੇਂਦੇ !
ਵਾਰੇ ਘੋਲੜੇ ਹੋਂਵਦੇ ਦੀਦ ਕਾਰਨ,
ਵੇਖੋ ਲਾਟ ਉਪਰ ਵਾਰ ਪ੍ਰਾਨ ਦੇਂਦੇ !
ਮਸਤ ਹੋਇਕੇ ਨਾਦ ਆਵਾਜ਼ ਉਪਰ,
ਜਾਨ ਹਰਨ ਨਿਮਾਨੜੇ ਦਾਨ ਦੇਂਦੇ !
ਪ੍ਰੇਮੀ ਹੋ ਤਲਵਾਰ ਦੀ ਧਾਰ ਸੰਦੇ,
ਜਿੰਦ ਮਰਦ ਸੂਰੇ ਪਹਿਲਵਾਨ ਦੇਂਦੇ !

—◯°o°◯—

ਜਦੋਂ ਵੇਖ ਲੈਂਦੀ ਬੁਲਬੁਲ ਬਾਗ਼ ਡਾਢੀਂ,

ਛੇਤੀ ਆਂਵਦੀ ਮਾਰ ਉਡਾਰੀਆਂ ਜੇ!
ਹੋ ਮਸਤਾਨੜੀ ਬੈਠਦੀ ਫੁਲਾਂ ਉਪਰ,
ਨਾਲ ਪ੍ਰੇਮ ਦੇ ਦੇਖਦੀ ਕਿਆਰੀਆਂ ਜੇ!
ਭੁਲ ਜਾਂਵਦੀ ਰੁਤ 'ਮਿੱਜ਼ਾਂ' ਵਾਲੀ,
ਡਰ ਰੱਖਦੀ ਨਹੀਂ ਸ਼ਕਾਰੀਆਂ ਜੇ!
ਇਕੇ ਪ੍ਰੇਮ ਦੇ ਸਾਜ਼ ਦੀ ਤਾਰ ਵਜੇ,
ਖੁਸ਼ੀਆਂ ਓਸ ਵੇਲੇ ਉਸਨੂੰ ਭਾਰੀਆਂ ਜੇ!

—o—

ਬਾਬੇ ਦੀਪ ਸਿੰਘ ਨੂੰ ਪ੍ਰੇਮ ਚਾਟ ਲੱਗੀ,
ਸੀਸ ਤੱਲੀ ਦੇ ਉਪਰ ਟਿਕਾਇ ਲਿਆ!
ਆਇਆ ਪ੍ਰੇਮ ਤਾਂ ਜੱਦ ਹੀ ਮਨੀ ਸਿੰਘ ਨੂੰ,
ਬੰਦ ਬੰਦ ਸੀ ਉਹਨੇ ਕਟਾਇ ਲਿਆ!
ਤਾਰੂ ਸਿੰਘ ਜੀ ਨੇ ਪਾਲ 'ਪ੍ਰੇਮ' ਤਾਈਂ,
ਵੇਖੋ ਖੋਪਰੇ ਤਾਂਈਂ ਲਹਾਇ ਲਿਆ!
ਖੇਡੀ ਖੇਡ ਪ੍ਰੇਮ ਦੀ ਸਿੰਘ ਲੱਛਮਨ,
ਨਾਲ ਜੰਡਾਂ ਦੇ ਜਿਸਮ ਜੱਲਵਾਇ ਲਿਆ!

—:o:—

ਗੁਲਚੀਂ ਜਾ ਵੜਿਆ ਜਦ ਬਾਗ਼ ਅੰਦਰ,
ਤਦੋਂ ਬੁੱਲਬੁੱਲਾਂ ਨੇ ਆਪਾ ਵਾਰ ਦਿੱਤਾ!
ਇੱਕ ਇੱਕ ਕੋਲੋਂ ਅਗੇ ਧ ਵੱਧ ਕੇ,
ਜਿੱਸਮ ਆਪਣਾ ਕਰ ਨਿਸਾਰ ਦਿੱਤਾ!
ਡਾਂਗਾਂ ਖਾਧੀਆਂ ਮਾਰ ਸਹਾਰ ਲਈ,
ਪਿੰਜਰੀਂ ਆਪਣੇ ਆਪ ਨੂੰ ਡਾਰ ਦਿੱਤਾ!
ਝਲੇ ਕਸ਼ਟ ਤੇ ਦੁਖ ਹਜ਼ਾਰ ਸਿਰ ਤੇ,

ਅਪਣੇ ਆਪ ਨੂੰ ਪ੍ਰੇਮ ਵਿਚ ਤਾਰ ਦਿੱਤਾ !

ਅੱਜ ਪ੍ਰੇਮੀਆਂ ਤਾਈਂ ਅਜ਼ਮਾਵਣੇ ਨੂੰ,
ਮੇਰੇ ਗੁਰੂ ਨੇ ਖੇਲ ਵਰਤਾਇਆ ਜੇ !
ਕੌਣ ਪਾਸ ਹੁੰਦਾ ਕੌਣ ਫੇਹਲ ਹੁੰਦਾ,
ਡਾਢਾ ਆਨ ਕਰੜਾ ਪਰਚਾ ਪਾਇਆ ਜੇ !
ਜ਼ੁਲਮ ਪਾਪ ਤਾਈਂ ਗ਼ਰਕ ਕਰਨ ਬਦਲੇ,
ਰੋਹ ਜ਼ਾਲਮਾਂ ਤਾਈਂ ਚੜ੍ਹਾਇਆ ਜੇ !
ਦੇ ਦਿਲਾਸੜੇ ਪੁਤਰਾਂ ਤਾਈਂ ਆਪੇ,
ਵੇਖੋ ਅਜਬ ਹੀ ਰੰਗ ਵਖਾਇਆ ਜੇ !

ਕੀ ਹੋਇਆ ਸਯਾਦ ਕਮਾਨ ਤਾਣੀਂ,
ਤੁਸੀਂ ਬੁੱਲਬੁੱਲੋ ਨੀ ਡਰ ਜਾਵਣਾ ਨਾ !
ਹੱਸ ਹੱਸਕੇ ਸਦਕੜੇ ਜਾਨ ਕਰਨੀ,
ਅੜੀਓ ! ਦੁਖਾਂ ਤੋਂ ਰੱਤੀ ਘੱਬਰਾਵਣਾ ਨਾ !
ਲੱਗੀ ਤੁਸਾਂ ਨੇ ਤੋੜ ਨਿੱਭਾ ਦੇਣੀ,
ਸਾਥ ਮਿੱਤਰਾਂ ਸੰਦਾ ਤਜਾਵਣਾ ਨਾ !
ਹੋ ਜਾਵਸੋ ਸਭ 'ਅਜ਼ਾਦ' ਇੱਕ ਦਿਨ,
ਏਸ ਬਿਨੇ ਦੇ ਤਾਈਂ ਭੁਲਾਵਣਾ ਨਾ !

ਸਦਾ ਮੌਸਮ ਖਿਜ਼ਾਂ ਨਾ ਨਿੱਤ ਰਹਿੰਦੀ,
ਸਦਾ ਰੈਂਹਵਦੀ ਸੁਕੀ ਗੁਲਜ਼ਾਰ ਨਾਹੀਂ !
ਸਦਾ ਨਿੱਤ ਨਾ ਦੁਖ ਤਕਲੀਫ ਅੜੀਓ !
ਸਦਾ ਕਰਮਾਂ ਸੰਦੀ ਰਹਿੰਦੀ ਹਾਰ ਨਾਹੀਂ !

ਸਦਾ ਲਈ ਨਾ ਮਾਣਦਾ ਰੰਗ ਕੋਈ,
ਸਦਾ ਕਿਸੇ ਦੀ ਐਸ਼ ਬਹਾਰ ਨਾਹੀਂ !
ਆਖਰਹੋਣ'ਗ਼ੁਲਾਮ''ਆਜ਼ਾਦ, ਇਕ ਦਿਨ,
ਰਹਿੰਦੀ ਨਿੱਤ ਵੀ ਦੁਸ਼ਟ ਸਰਕਾਰ ਨਾਹੀਂ !

## ਆਜ਼ਾਦੀ ਦੀ ਤਾਂਘ !

ਰਾਹੀਆ ਜਾਂਦਿਆ! ਠਹਿਰਕੇ ਗੱਲ ਸੁਣਜਾ,
ਅਸੀ ਸਜਣਾਂ ਬਾਝ ਬੇਹਾਲ ਹੋਏ !
ਲੂੰ ਲੂੰ ਚੋਂ ਦਰਦ ਫ਼ਿਰਾਕ ਨਿਕਲੇ,
ਵਿੱਚ ਗ਼ਮਾਂ ਦੇ ਡਾਢੇ ਮਲਾਲ ਹੋਏ !
ਪਰ ਲਾਕੇ ਉੱਡ ਗਈ ਖੁਸ਼ੀ ਸਾਡੀ,
ਹਾਇ ! ਡਾਢਿਆਂ ਹਥੋਂ ਪਾਮਾਲ ਹੋਏ !
ਪਏ ਸੱਲ੍ਹ ਪੈਂਦੇ ਵਿੱਚ ਕਾਲਜੇ ਦੇ,
ਦੁਖੀ, ਨਾਲ ਦੁਖਾਂ ਵਾਲ ਵਾਲ ਹੋਏ !
ਆਖੀਂ ! ਆਪ ਬਾਝੋਂ ਅਸੀ ਹੋਏ ਕਮਲੇ,
ਝੁਗੀ ਕੰਢੇ ਝਨਾਂ ਪਾ ਬੈਠੇ !
ਸਿਰ ਖਾਕ ਪਾਕੇ ਕੰਨੀਂ ਮੁੰਦਰਾਂ ਪਾ,
ਇਕੋ ਤੈਂਡੜੀ ਆਸ ਤੱਕਾ ਬੈਠੇ !

—o—

ਐ ਨੀ ਕਮਲੀਏ ਜਾਕੇ ! ਸੋ ਲੈ ਨੀ,
ਜੇਹੜੇ ਛੱਡਕੇ ਆਏ ਬੁਖਾਰਿਆਂ ਨੂੰ !
ਘਰ ਬਾਰ ਤੇ ਰਾਜ ਸਮਾਜ ਤਾਈਂ,
ਨਾਲੇ ਉਚੜੇ ਮਹਿਲ ਚੁਬਾਰਿਆਂ ਨੂੰ !
ਤੇਰੇ ਦਰ ਤੇ ਹੋਏ ਫਕੀਰ ਢੱਠੇ,

ਅਣੀਏ ਛੱਡਕੇ ਸਜਣਾਂ ਪਿਆਰਿਆਂ ਨੂੰ!
ਪਏ ਬੰਦੀਆਂ ਵਿੱਚ ਅਸੀਰ ਬਣਕੇ,
ਲੱਤ ਮਾਰ ਕਰਕੇ ਸੁਖਾਂ ਸਾਰਿਆਂ ਨੂੰ!
ਹੁਣ ਬਹੁੜ ਖਾਂ ਮਜਨੂੰ ਦੀਏ ਲੇਲ਼ੀਏ ਨੀ,
ਤੇਰੇ ਵਾਸਤੇ ਹੋ ਅਸੀਰ ਗਏ!
ਛੋਲੇ ਚੱਬਦਿਆਂ ਤੇ ਭੁੰਵੇ ਸੌਂਦਿਆਂ ਦੇ,
ਆਕੇ ਵੇਖ ਲੈ ਸੁਕ ਸਰੀਰ ਗਏ!

—:-‡-:—

ਤੇਰੇ ਦੀਦ ਦੀ ਫੀਸ ਚਾ ਸੀਸ ਰਖੇ,
ਬੱਜ ਬੱਜ ਘਾਟ ਜਾ ਖਾਧੀਆਂ ਗੋਲੀਆਂ ਸਨ!
ਜਲ੍ਹਿਆਂ ਬਾਗ਼ ਅੰਦਰ ਹੋਸੀ ਵੇਖਿਆ ਤੈਂ,
'ਤੇਰੇ ਨਾਮ' ਉਤੋਂ ਜਿੰਦਾਂ ਘੋਲੀਆਂ ਸਨ!
ਤੇਰੀ ਤਾਂਘ ਅੰਦਰ ਜਾਕੇ 'ਨਨਕਾਣੇ',
ਦੇਹਾਂ ਕਰ ਬੇਕੱਦਰੀਆਂ ਰੋਲੀਆਂ ਸਨ!
ਹੱਸ ਹੱਸ ਮਾਰ ਖਾਕੇ 'ਗੁਰੂ ਬਾਗ਼' ਜਾਕੇ,
ਨਾਲ ਖ਼ੂਨ ਦੇ ਰੰਗੀਆਂ ਚੋਲੀਆਂ ਸਨ!
ਤੇਰਾ ਕਰਨ ਜਮਾਲ ਐ ਸੋਹਣੀਏ ਨੀ,
ਅਸੀਂ ਦੇਸ ਵਾਲੀ ਮਹੀਂਵਾਲ ਹੋਏ!
ਆਕੇ ਦਰਸ ਦਿੱਖਾ ਜਾ ਸਿੱਕਦਿਆਂ ਨੂੰ,
ਤੇਰੇ ਬਾਝ ਦੁਖੀਏ ਵਾਲ ਵਾਲ ਹੋਏ!

—o—

ਅੱਜ ਹੋਏ ਬੇਕਦਰੇ ਹਾਂ ਅਸੀ ਅੜੀਏ,
ਬੇਵਫ਼ਾ ਪਏ ਅਸਾਂ ਦੁਰਕਾਰਦੇ ਨੀ!
ਤੇਰਾ ਨਾਮ ਲਿਆਂ ਗ਼ੈਰ ਅਸਾਂ ਤਾਈਂ,

ਬਾਗ਼ੀ ਸਾਜ਼ਸ਼ੀ ਅੱਜ ਪੁਕਾਰਦੇ ਨੀ!
ਬੰਨ ਰੱਖ ਕਾਨੂੰਨੀ ਸਿਕੰਜਿਆਂ ਵਿੱਚ,
ਆਹ! ਨਿਹੱਥਿਆਂ ਨੂੰ ਜੱਫੜ ਮਾਰਦੇ ਨੀ!
ਪਾਕੇ ਲੱਕੜਾਂ ਹਿੰਦ ਡੰਡਾਵਲੀ ਚੋਂ,
ਜਾਬਰ ਜਿਗਰ ਅਸਾਡੜੇ ਸਾੜਦੇ ਨੀ!
ਆ, ਆ ਸ਼ੀਰੀਂ ਫੇਰਾ ਪਾ ਸ਼ੀਰੀਂ,
ਤੇਰੇ ਦਰਸ ਨੂੰ ਫ਼ਕਰ ਫਰਹਾਦ ਏਠੇ!
ਛੱਡਕੇ ਦਿਲੋਂ ਖਿਆਲ ਹੁਣ ਹੋਰਨਾਂ ਦਾ,
ਇਕੋ ਵਿਚ ਤੇਰੀ ਅਸੀਂ ਯਾਦ ਬੈਠੇ!

---

ਸਾਨੂੰ ਵਿੱਚ ਗ਼ੁਲਾਮੀ ਦੇ ਨਹੀਂ ਲਗਦੇ,
ਚੰਗੇ ਆਪਣੇ ਮਹਿਲ ਮੁਨਾਰ ਅੜੀਏ!
ਨਾ ਪਰਵਾਰ ਭੌਂਦੇ, ਨਾ ਘਰ ਬਾਰ ਭੌਂਦੇ,
ਨਹੀਂ ਭਾਂਵਦੇ ਸ਼ਹਿਰ ਦਿਆਰ ਅੜੀਏ!
ਅੱਗ ਭੜਕਦੀ ਜਦੋਂ ਚੁਫੇਰ ਤੋਂ ਹੀ,
ਕੋਈ ਲਏ ਨਾ ਦੁਖੀਆਂ ਦੀ ਸਾਰ ਅੜੀਏ!
ਨੰਗੇ ਸੀਸ ਤੇ ਬਦਨ ਤੇ ਚੀਥੱੜਾ ਨਾਂ,
ਦੁਖ ਪਏ ਝੱਲਣ ਜਥੇਦਾਰ ਅੜੀਏ!
ਆ ਝਾਤ ਪਾ! ਦਰਸ ਦਿੱਖਾ ਅਪਣਾ,
ਐ ਚਾਕ ਦੀ ਹੀਰ ਸ਼ਾਹਜ਼ਾਦੀਏ ਨੀ!
ਕਟਣਹਾਰੀਏ ਦੁਖ ਤੇ ਰੋਗ ਸਾਰ,
ਭਾਰਤ ਵਰਸ਼ ਦੀ ਸੁੰਦਰ ਆਜ਼ਾਦੀਏ ਨੀ!

—o—

ਸਦੀਆਂ ਹੋਗਈਆਂ ਭਾਰਤ ਨੂੰ ਚਾਕ ਬਨਿਆਂ,

ਦੇਹੀ ਨਾਲ ਦੁਖਾਂ ਸਾਰੀ ਗਾਲੀਆ ਨੀ !
ਲੱਗੇ ਪਏ ਨੀ ਜਿੱਸਮ ਤੇ ਜ਼ਖਮ ਡਾਢੇ,
ਖਲੜੀ ਬ੍ਰਿਹੋਂ ਦੀ ਅੱਗਨ ਚਿ ਜਾਲੀਆ ਨੀ !
ਝੱਲੇ ਦੁਖ ਵਿਛੋੜੇ ਦੇ ਬਹੁਤ ਸਾਰੇ,
ਘਾਲ ਤੁਧ ਕਾਰਨ ਬੜੀ ਘਾਲੀਆ ਨੀ !
ਲਾਈ ਦੋਸਤੀ ਖ਼ੂਬ ਨਿਭਾਹੀ ਇਸਨੇ,
ਰੀਤ ਪ੍ਰੀਤ ਵਾਲੀ ਸੋਹਣੀ ਪਾਲੀਆ ਨੀ !
ਚੱਕਵਾ ਦੇਸ ਉਡੀਕਦਾ ਦਰਸ ਤੇਰਾ,
ਦਿਹੁੰ ਨੂਰ ਭਰਿਆ ਨਮੂਦਾਰ ਹੋਇਆ !
ਸਾਡਾ ਨਾਮ ਵੀ ਹੁਣ 'ਅਜ਼ਾਦ' ਥੀਵੇ,
ਜਲਿਆ ਦਿੱਲ ਡਾਢਾ ਬੇਕਰਾਰ ਹੋਇਆ !

----o---

## 'ਸੋਗ ਦਾ ਸ਼ਹੀਦੀ ਦ੍ਰਿੱਸ਼ਯ'

ਗਿਆ ਮਹੀਨਾ ਚੇਤਰ ਵਾਲਾ ਆ ਵਿਸਾਖ ਦਾ ਮਾਸ ਗਿਆ,
ਇਕ ੨ ਕਰਕੇ ਏਹ ਵੀ ਹੋਇਆ ਜੇਠ ਹਾੜ ਹੋ ਨਾਸ ਗਿਆ !
ਸਾਵਣ ਆਇਆ ਬਦਲ ਵਰਿਆ ਭਾਦੋਂ ਅਸੂਨ ਖਾਸ ਗਿਆ,
ਆਇਆ ਕੱਤਕ ਦੇਖ ਮਨਾ ਹੁਣ ਰੁਖ ਬਿਰਛ ਸਭ ਘਾਸ ਗਿਆ !
ਬਾਗਾਂ ਅੰਦਰ ਰੌਣਕ ਨਹੀਂ ਹੁਣ ਨਾਂ ਗੁਲ ਨਾ ਗੁਲਜ਼ਾਰ ਰਹੀ,
ਨਾ ਓਹ ਜੋਬਨ 'ਚੇਤ੍ਰ' ਵਾਲਾ 'ਸਾਵਣ' ਦੀ ਨਾ ਬਹਾਰ ਰਹੀ !

—o—

ਨਾ ਕੋਇਲ ਅੰਬਾਂ ਦੀ ਆਸ਼ਕ ਨਾਲ ਪ੍ਰੀਤਮ ਕੇਲ ਕਰੇ,
ਨਾ ਓਹ ਕਾਲੇ ਭੰਵਰ ਫੁਲਾਂ ਦੇ ਸਾਥ ਕਵਲ ਨਾ ਖੇਲ ਕਰੇ !
ਨਾ ਤੋਤੇ ਨਾ ਕੁਮਰੀ ਪਿਆਰੀ ਨਾਲ 'ਸਰੂ' ਦਾ ਮੇਲ ਕਰੇ,
ਗਏ ਸਮੇਂ ਉਹ ਖੁਸ਼ੀਆਂ ਵਾਲੇ, ਦੀਨਾ ਅੱਜ ਕਲੋਲ ਕਰੇ !

ਨਾ ਮਾਹੀ ਨਾ ਜਾਨੀ ਰੇਹੇ, ਗਈ ਬਹਾਰ ਪਧਾਰ ਸੁਣੋ,
ਬੁਲਬੁਲ ਪਿਆਰੀ ਫੜੀਲਾਚਾਰੀ ਉਸਦਾ ਵੀਰੋ ਰਾਰ ਸੁਣੋ !

—:o:—

ਬ੍ਰਿਹੋਂ ਕੁਠੀ ਵਿਲ ਵਿਲਾਟ ਕਰ, ਕਰਦੀ ਆਹੋਜ਼ਾਰੀ,
ਵੈਣ ਕਰੇਂਦੀ ਮਾਹੀ ਕਾਰਨ, ਉਚੀ ਕਰੇ ਪੁਕਾਰੀ !
ਹੇ ਸਾਈਆਂ ਹੇ ਅਰਸ਼ਾਂ ਵਾਲੀ, ਹਿਰਦਾ ਮੇਰਾ ਠਾਰੀਂ,
ਮੇਲ ਕਰੀਂ ਹੁਣ ਪ੍ਰੀਤਮ ਵਾਲਾ, ਮੇਰੀ ਸਿੱਕ ਨਵਾਰੀਂ !
ਢੱਠੀ ਦਰ ਤੇਰੇ ਤੇ ਮਾਲਕ ! ਹੋ ਕਰ ਅਤੀ ਨਮਾਣੀ,
ਮੇਲ ਮਿਲਾਪ ਦਿਲਬਰ ਦਾ ਕਰਕੇ ਟੁਟੀਂ ਗੰਢੀਂ ਤਾਣੀ !
ਅਹੋ ਮਾਲਕ ! ਏਹ ਹਾਲ ਅਸਾਡਾ ਜੀਕਣ ਬੁੱਲਬੁੱਲ ਵਾਲਾ,
ਸਾਡਾ ਮਾਹੀ ਵੀ ਹੁਣ ਜ਼ਾਲਮ ਲੈ ਗਏ ਕਰ ਮਤਵਾਲਾ !
ਵਿਚ ਪੁਚਾਇਆ ਡੇਰਾ ਦੂਨੇ, ਕੀਤਾ ਮੰਦਾ ਹਾਲਾ,
ਘਾਲ ਅਸਾਡੀ ਗਈ ਅਥਾਈਂ, ਆਇਓ ਆਹ ਜਵਾਲਾ !
ਮਾਤਮ ਚੌਂਹ ਦਿਸ ਹੀ ਹੈ ਛਾਇਆ, ਪੰਥ ਖਾਲਸਾ ਅੰਦਰ,
ਸਾਡਾ ਜੀਵਨ ਔਖਾ ਹੋਇਆ ਜਿਵ ਚਕੋਰ ਬਿਨ ਚੰਦਰ !
ਨਹੀਂ ਤਾਂ ਬੱਲ ਦੇ ਵਿਚ ਅਸਾਡੇ, ਏਹੋ ਵਡਾ ਭਾਰੀ,
ਮਰ ਮਿਟੀਏ ਜੀ ਆਨ ਦੀ ਖਾਤਰ ਝਲੀਏ ਨਾਹਿ ਖੁਵਾਰੀ !
ਗੁਰੂ ਦਾਤ ਹਿੱਤ ਤਨ ਮਨ ਵਾਰੇ ਭੈ ਨਾ ਆਇ ਅਗਾਰੀ,
ਤੋਪਾਂ ਅਗੇ ਉਡੇ ਭਾਵੇਂ ਗੁਰ ਪੁਰ ਜਾਇ ਪਧਾਰੀ !
ਐਪਰ ਮੁਲਕ ਕੌਮ ਦੇ ਉਤੋਂ ਵਾਰੇ ਸੀਸ ਪਿਆਰੇ,
ਪਿਆਰਾ ਪ੍ਰੀਤਮ ਵਾਪਸ ਕਰਕੇ ਤੇਰੇ ਜਾਈਏ ਵਾਰੇ !
ਜ਼ਾਲਮ ਸਣੇ ਜ਼ੁਲਮ ਦੇ ਉਡਣ ਧਰਮ ਨਸ਼ਾਨ ਝੁਲਾਰੇ,
ਦੇਸ਼ "ਆਜ਼ਾਦ" ਹੋਵੇ ਇਹ ਸਾਡਾ, ਪੈਣ ਨ ਕਦੀ ਪਧਾਰੇ !

—o—

## "ਪਾਪੀਆਂ ਦੇ ਮਾਰਨੇ ਨੂੰ ਪਾਪ ਮਹਾਂ ਬਲੀ ਏ !"

ਲੀਰਾਂ ਸੰਦੀ ਖਫਣੀ ਫਕੀਰਾਂ ਵਾਂਗ ਗਲ ਪਾਈ,
ਪੀਲਾ ਵਾਂਗ ਭੂਕ ਹੋਇਆ ਰੰਗ ਅਜ ਮਾਲੀ ਦਾ !
ਬੋਲੀਆਂ ਦੀ ਮਾਰ ਨਾਲ ਜ਼ੁਲਮ ਵਾਲੀ ਕਾਰ ਨਾਲ,
ਹੋ ਗਿਆ ਬੇਹਾਲ ਹਾਲ "ਫੂਲਬੰਸ" ਵਾਲੀ ਦਾ !
ਰਾਜਿਆਂ ਨੂੰ ਫਾਕੇ ਪਏ ਪੇਟ ਤਾਈਂ ਘਾਟੇ ਅਜ,
ਰੂਪ ਧਾਰ ਲਿਆ ਹਾਇ ਜਿਨ੍ਹਾਂ ਨੇ ਸਵਾਲੀ ਦਾ !
ਵਰਤੀ ਕੀ ਕਾਰ ਮੈਨੂੰ ਦਸਣਾ ਵਿਚਾਰ ਭਾਈ,
ਝੁਗਾ ਹੋਇਆ ਚੌੜ ਕਿਵੇਂ ਸੱਚੜੇ ਅਕਾਲੀ ਦਾ?

—o—

## ਉਤਰ !

ਦਸਿਆ ਨਾ ਜਾਇ ਹਾਇ! ਹਾਲ ਮੈਥੋਂ ਦਰਦ ਵਾਲਾ,
ਸੁਰਤ ਨਾ ਹੋਸ਼ ਰਹੀ ਤਨ ਵਿਚ ਭੱਲੀ ਏ !
ਕਰਦ ਗਈ ਚੁਭ ਸੀਨੇਂ ਦੇਖੋ ਏਵਫਾਈ ਵਾਲੀ,
ਜ਼ਾਲਮਾਂ ਨੇ ਲੁਟ ਪੁਟ ਕੀਤਾ ਵਾਂਗ ਝੱਲੀ ਏ !
ਬਨਾਯਾ ਸੀ ਯਾਰ ਦਿਲਦਾਰ ਕਰ ਜਾਨਿਆ ਸੀ,
ਐਪਰ ਓਹ ਬਣ ਬੈਠਾ ਭਾਰਾ ਹੁਣ ਛੱਲੀ ਏ !
ਸਾਂਭ ਬੈਠਾ ਘਰ ਕਢ ਮੇਰੇ ਤਾਈਂ ਬਾਹਰ ਦਿੱਤਾ,
ਲਾਈ ਤਾਂ ਨਭਾਹੀ ਏਸ ਯਾਰ ਨੇ ਅਵੱਲੀ ਏ !
ਮਿੱਤ੍ਰ ਪੁਰਾਣੇ ਜਿਥੇ ਆਖਕੇ ਸਲਾਹੀ ਦਾ ਸੀ,
ਓਸੇ ਦੇ ਮੁਕਾਣੇ ਲਈ ਚਾਲੀ ਅੱਜ ਚੱਲੀ ਏ !
ਘਰੋਂ ਬਾਹਰੋਂ ਕਢ ਹੁਣ ਭੇਜ "ਡੇਰਾਦੂਨ" ਦਿੱਤਾ,
ਯਾਰ ਦਿੱਲਦਾਰ ਵਾਲੀ ਜਾਇ ਆਪ ਮੱਲੀ ਏ !

ਰਾਜ ਸਾਜ ਆਪ ਜਿਸ ਛੱਡ ਸੀ ਸਮਾਜ ਦਿੱਤਾ,
ਓਸੇ ਦੇ ਘਰਾਣੇ ਵਿਚ ਪਾਈ ਥਰਥੱਲੀ ਏ!
ਬੀਬੀਆਂ ਤੇ ਰਾਣੀਆਂ ਦੀ ਇਜ਼ਤ ਉਤਾਰੀ ਹਾਇ,
ਕੈਹਰ ਕਰ ਭਾਰੀ ਛਾਤੀ "ਫੂਲ" ਵਾਲੀ ਸੱਲੀ ਏ!

## ਖਾਲਸਾ ਜੀ!

ਆਪਣਾ ਹੀ ਘਰ ਗੁਰਾਂ ਜੀਹਦੇ ਤਾਈਂ ਆਖਿਆ ਸੀ,
ਓਸੇ ਘਰ ਵਾਲੀ ਅਨ ਖਾਕ ਵਿਚ ਰੱਲੀ ਏ!
ਤਾਣੀ ਹੈ ਕਮਾਨ ਓਹਦੇ ਵਾਲੀ ਦੇ ਮੁਕਾਣ ਲਈ,
ਕਢ ਦੇਣੀ ਜਾਨ ਧਾਰੀ ਨੀਤ ਏਹ ਅਵੱਲੀ ਏ!
ਰਖਿਆ ਨਾ ਡਰ ਕੋਈ ਵਾਲੀ ਗੁਰੂ ਪੰਥ ਵਾਲਾ,
ਫੂਲਬੰਸ ਵਾਲੀ ਨਾਓ ਡੋਬੀ ਵਿਚ ਜੱਲੀ ਏ!
ਕੈਹਰ ਤੇ ਕਹਾਰ ਕਰ ਜ਼ੁਲਮ ਅਪਾਰ ਕਰ,
ਜਾਲਮਾਂ ਨੇ ਪਾਪ ਦੀ ਮਚਾਈ ਥਰਥੱਲੀ ਏ!

—o—

## 'ਲੋਕਾਂ ਦੀ ਪੁਛ ਅਤੇ ਉਤਰ'

ਪੁਛਦੇ ਨੇ ਲੋਕ ਮੈਥੋਂ ਕਰਨਾ ਤੁਸਾਂ ਨੇ ਕੀ ਏ?
ਜ਼ਾਲਮਾਂ ਦੀ ਡੋਰ ਤਾਂ ਅਕਾਸ਼ ਤੀਕ ਖੱਲੀ ਏ!
ਤੋਪਾਂ ਤੇ ਮਸ਼ੀਨਾਂ, ਬੰਬ ਪਾਸ ਓਹਨਾ ਕੋਲ ਬਾਹਲੇ,
ਤੁਸਾਂ ਸੰਦੇ ਕੋਲ ਤਾਂ ਨਾ ਪਾਟੀ ਹੋਈ ਟੱਲੀ ਏ!
ਕਰਨਾ ਮੁਕਾਬਲਾ ਕੀ ਦਸਣਾਂ ਸ਼ਤਾਬ ਸਾਨੂੰ,
ਚਲਣਾ ਤੁਸਾਂ ਨੇ ਹੁਣ ਦਸੋ ਕੇਹੜੀ ਗੱਲੀ ਏ?
ਏਸ ਦਾ ਜਵਾਬ ਏਹੋ ਦਸਦਾ "ਆਜ਼ਾਦ" ਵੀਰੋ,
ਪਾਪੀਓਂ ਕੇ ਮਾਰਨੇ ਕੋ ਪਾਪ ਮਹਾਂ ਬੱਲੀ ਏ!

## ਤੱਥਾ

ਸਬਰ ਵਾਲੇ ਬਾਨ ਅਸਾਂ ਪਾਏ ਵਿਚ ਤਰਕਸ਼ਾਂ ਦੇ,
ਜਬਰ ਤਾਈਂ ਹਾਰ ਅਸਾਂ ਦੇਵਣੀ ਸੁਖੱਲੀ ਏ!
ਤੋੜਨੀ ਕਮਾਨ ਝੱਲ ਕੈਹਰ ਵਾਲੇ ਤੀਰ ਅਸਾਂ,
ਏਸ ਕਾਰ ਹਿੱਤ ਸੀਸ ਰਖ ਲਿਆ ਤੱਲੀ ਏ!
ਖਾਵਣੀ ਏ ਮਾਰ ਰਜ ਰਜ ਅਸਾਂ ਜ਼ਾਲਮਾਂ ਤੋਂ,
ਡੱਟ ਜਾਣਾ ਠੀਕ ਏਹੋ ਨੀਕ ਬਿਧ ਭੱਲੀ ਏ!
ਲੋੜ ਨਾ ਮੁਕਾਬਲੇ ਦੀ ਹੋਰ ਸਾਨੂੰ ਕੋਈ ਭਾਈ,
ਪਾਪੀਆਂ ਦੇ ਮਾਰਨੇ ਨੂੰ ਪਾਪ ਮਹਾਂ ਬੱਲੀ ਏ!

—o—

## ਨਾਗਪੁਰ ਦੀ ਫਤਹ!

ਰੁਮਕ ਰੁਮਕ ਕਰ ਵਾਯੂ ਏਹ ਸੁਗੰਧ ਭਰੀ,
ਆਈ ਓਰ ਪੂਰਬੋਂ ਏਹ ਸੁੰਦਰ ਮਹਾਨ ਜੀ
ਦਸ ਦਿਤੇ ਹਾਲ ਆਨ ਨਾਗਪੁਰ ਮੋਰਚੇ ਦੇ,
ਨੌਕਰਸ਼ਾਹੀ ਡਿਗ ਪਈ ਚੌਫਾਲ ਹੋ ਬੇਜਾਨ ਜੀ!
ਜ਼ੁਲਮ ਖਾਧੀ ਹਾਰ ਅਤੇ ਧਰਮ ਵਾਲੀ ਫਤੇ ਹੋਈ,
ਪਤ ਰਹੀ ਹਿੰਦੀਆਂ ਦੀ ਵਿਚ ਤਾਂ ਜਹਾਨ ਜੀ!
ਫਤੇ ਦੀ ਵਧਾਈ ਮੈਂ ਤਾਂ ਦਿਆਂ ਕੁਲਹਿੰਦੀਆਂਨੂੰ,
ਕੌਮੀ ਝੰਡੇਵਾਲੀ ਕਿਉਂਕਿ ਰਹੀ ਆਨਸ਼ਾਨ ਜੀ!
ਆਤਮਕ ਬਲ ਅਗੇ ਝੁਕ ਗਿਆ ਬਾਹੂ ਬਲ,
ਛੱਲ ਤੇ ਕਪਟ ਤਾਈਂ ਭਾਰੀ ਪੁਜੀ ਹਾਨ ਜੀ!
ਝੂਠ ਨੇ ਸਚਾਈ ਅਗੇ ਰਖ ਹਥਿਆਰ ਦਿਤੇ,
ਜਬਰ ਅਤੇ ਜ਼ੁਲਮ ਵਾਲੀ ਭੰਨਕੇ ਕਮਾਨ ਜੀ!

ਸਿਰੜ ਦੇ ਅਗੇ ਗਈਪੇਸ਼ ਨਾ ਜੀ ਜਬਰ ਵਾਲੀ.
ਤਬਰ ਗਏ ਟੁਟ ਵਸੇ ਰੱਬੀ ਅਬਰ ਆਨ ਜੀ !
ਜਾਬਰਾਂ ਦੇ ਸੀਸ ਆਨ ਪਾਨੀ ਪਿਆ ਵੇਖ ਲਵੋ,
ਸਾਬਰਾਂ ਨੇ ਫਤਹ ਪਾਈ ਵਿਚ ਤਾਂ ਜਹਾਨ ਜੀ !
ਜਿਸ ਪਰਕਾਰ ਫਤਹ ਪਾਈ ਵਿਚ ਨਾਗਪੁਰ,
ਓਸੇ ਪਰਕਾਰ ਕਰੋ ਸੀਸ ਕੁਰਬਾਨ ਜੀ !
ਏਹੋ ਜਿਹੇ ਕੈਹਰ ਜੇਹੜੇ ਹੋਂਵਦੇ ਅਪਾਰ ਯਾਰੋ,
ਇਨ੍ਹਾਂ ਦੇ ਹਟੌਣ ਲਈ ਵਾਰੋ ਜਿੰਦ ਜਾਨ ਜੀ !
ਉਡ ਜਾਵੇ ਦੇਸ਼ ਚੋਂ ਏਹ ਤਰਜ਼ ਹਕੂਮਤ ਹੀ,
ਮਿਲੇ ਸਿਵਰਾਜ ਕਰੋ ਏਕਤਾ ਮਹਾਨ ਜੀ !
ਝੱਲਕੇ ਕਸ਼ਟ ਕਰ ਦੇਸ ਨੂੰ 'ਆਜ਼ਾਦ' ਲਈਏ,
ਜਿੰਦਾ ਜਾਨਾਂ ਵਾਲੇ ਕਰ ਠੀਕ ਬਲੀਦਾਨ ਜੀ !

—o—

## ਵਜਿਆ ਨਗਾਰਾ ਜੋ ਸ਼ਹੀਦੀਆਂ ਦੇ ਪੌਣ ਦਾ !

ਗੁਰੂ ਸੰਦਾ ਘਰ ਹੋਵੇ ਮੁਕਤੀ ਦਾ ਦਰ ਹੋਵੇ,
ਸਿੱਖ ਤਾਈਂ ਵੇਲਾ ਮਿਲੇ ਸੀਸ ਓਥੇ ਲੌਣ ਦਾ !
ਸਿੰਘ ਹੋਵੇ ਸੀਸ ਦੇਵੇ ਫੀਸ ਕਿਓਂ ਨਾ ਓਸ ਦਰ,
ਹੋਇਕੇ ਪਤੰਗ ਅੰਗ ਸ਼ਮੇ ਤੇ ਜਲੌਣ ਦਾ !
ਦੁਖ ਮਿਲੇ ਕਸ਼ਟ ਮਿਲੇ ਦੁਖਾਂ ਦਾ ਪਹਾੜ ਢਵੇ,
ਐਪਰ ਚਾਓ ਸਿੱਖ ਤਾਈਂ ਹੋਵੇ 'ਸਰ' ਨੌਣ ਦਾ !
ਗੋਲੀਆਂ ਦਾ ਮੀਂਹ ਵਸੇ ਤੋਪਾਂ ਸੰਦਾ ਭੈ ਹੋਵੇ,
ਐਪਰ ਚਾਓ ਸਿੱਖਾਂ ਨੂੰ 'ਸ਼ਹੀਦੀਆਂ' ਦੇ ਪੌਣ ਦਾ !

—o—

ਗੁਰੂ ਘਰ ਉਤੋਂ ਜਾਨ ਘੋਲੇ ਜਾਏ ਵਾਰੀ ਜਾਏ,

ਏਸ ਨਾਲੋਂ ਵਧ ਵੇਲਾ ਚੰਗਾ ਕੇਹੜਾ ਖਾਲਸਾ !
ਜਾਲਸਾ ਏਹ ਦੇਹੀ ਰੂਪ ਕਾਲਸਾ ਪਾਮਾਲਸਾ ਏ,
ਲਗ ਜਾਇ ਖਾਲਸਾ ਪਛਾਨ ਲਵੇ ਲਾਲਸਾ !
ਘਾਲਸਾ ਏਹ ਘਾਲ ਭਾਲ ਬਨੇ ਫਿਰ ਲਾਲਸਾ ਜੀ,
ਏਸ ਤਨ ਮਨ ਧਨ ਵਾਲੀ ਛਡ ਲਾਲਸਾ !
ਕਾਗ ਰੂਪ ਗੰਦੀ ਮੰਦੀ ਦੇਹੀ ਬਨੀ ਭੰਗੀ ਜਿਹੀ,
ਲਗੇ ਸੀਸ ਗੁਰੂ ਓਰ ਬਨ ਜਾਇ ਨਖਾਲਸਾ !

—o—

ਫੂਲਬੰਸ ਹੂੰ ਕੀ ਚੂਲ ਜ਼ਾਲਮ ਉਖੇਰੇ ਹੂਲ,
ਤੂਲ ਦੇਵੇ ਏਸ ਤਾਈਂ ਛਾਤ ਕਰ ਰੂਲ ਕੋ !
ਸ੍ਰੀ ਮਾਲਵੇਂਦਰ ਗਜੇਂਦਰ ਕੋ 'ਬੰਦੀ' ਕਰ,
ਜ਼ੋਰ ਸੇ ਪਾਮਾਲ ਕਰੇ ਪੰਥ ਹੂੰ ਕੋ 'ਫੂਲ' ਕੋ !
ਹੀਰਾ ਜੋ ਮਹੱਲ ਕੀਰ ਸਾਂਭ ਲੈਣ ਨਾਲ ਛੱਲ,
ਤਾਕਤ ਦਖਾਵੇ ਪੰਥ ਗੁਰੂ ਤਾਈਂ 'ਤੂਲ' ਕੋ !
ਬੈਠੇ ਜੋ ਆਰਾਮ ਨਾਲ ਹੋਇ ਕਰ ਸਿੰਘ ਭਾਈ,
ਸਿੰਘ ਐਸੇ ਭਾਈ ਓਹ ਤਾਂ ਫੜੇ ਪਕੜ ਭੂਲ ਕੋ !

—o—

ਗਲੀ ਗਲੀ ਭਲੀ ਬਿਧ ਦੱਸਨੀ ਸੁਖੱਲੀ ਭਾਈ,
ਜਾਵਣਾ ਜ਼ਰੂਰ ਜਿਨਾਂ ਪ੍ਰੀਤਮ ਦੀ ਗੱਲੀ ਏ !
ਰਾਗ ਰੰਗ ਸਾਕ ਸੰਗ ਵਾਲੜੇ ਖਿਆਲ ਛੱਡ,
ਔਣ ਝੱਬ ਔਣ ਲੰਮੀ ਵਾਟ ਜਿਨਾਂ ਮੱਲੀ ਏ !
ਜੱਗ ਪਈ ਜੇ ਸ਼ਮਾ ਦਸੋ ਜਾਇਕੇ ਪਤੰਗਿਆਂ ਨੂੰ,
ਔਣ ਪੌਣ ਮਾਹੀ ਜਿੰਦ ਦੇ ਕੇ ਬਿਧ ਭੱਲੀ ਏ !
ਅੰਗਾਂ ਨੂੰ ਜਲੌਣ ਅਤੇ ਬੰਦਾਂ ਨੂੰ ਕਟੌਣ ਆਕੇ,

ਸੀਸ ਜਿਨਾਂ ਜਾਤਾ ਓਸ ਪ੍ਰੀਤਮ ਦੀ ਬੋਲੀ ਏ !

--o--

ਆਕੜੀ ਹੈਵਾਨ ਮੱਤ ਝੱਲੀ ਹੋਕੇ ਨੌਕਰਸ਼ਾਹੀ,
ਆਓ ਵੇਲਾ ਆਇਆ ਏਨੂੰ, ਸਬਕ ਸਿਖਲੌਣ ਦਾ !
ਖੋਹਣ ਘਰ ਗੁਰਾਂ ਸੰਦੇ ਡੈਣ ਹਤਿਯਾਰੀ ਲਗੀ,
ਆਗਿਆ ਜੇ ਵੇਲਾ ਏਸ ਤਾਈਂ ਰਾਹੇ ਪੌਣ ਦਾ !
ਅੰਗ ਸੰਗ ਰੱਖ ਬਾਜਾਂ ਵਾਲੇ ਨੂੰ ਨਸ਼ੰਗ ਵੀਰੋ,
ਧਾਰਕੇ ਉਮੰਗ 'ਸ਼ਾਂਤ ਜੰਗ' ਦੇ ਮਚੌਣ ਦਾ !
ਭੁਲ ਕੇ ਗ਼ੁਲਾਮੀ ਜਿਨ ਕੀਤੀ ਬਦਨਾਮੀ ਸਾਡੀ,
ਦੇ ਕੇ ਕੁਰਬਾਨੀ ਵੇਲਾ 'ਹੱਕਾਂ' ਦੇ ਮਨੌਣ ਦਾ !
ਗਲੀ ਗਲੀ ਸ਼ੈਹਰਾਂ ਅਤੇ ਪਿੰਡ ਚੁਪ ਚਾਓ ਖਬਰ,
ਆਗਿਆ ਜੇ ਵੇਲਾ ਅੱਜ ਖੂੰਨ ਦੇ ਬਹੌਣ ਦਾ !
ਤਨ ਮਨ ਧਨ ਵਾਲੀ ਬਾਜ਼ੀ ਅੱਜ ਲਾਕੇ ਭਾਈਓ,
ਏਸ ਵਧੇ ਔਂਦੇ ਹੱੜ ਤਾਈਂ ਡੱਕਾ ਲੌਣ ਦਾ !
ਸਾਖੀ ਜਾਨ ਗੁਰੂ ਦਸਮੇਸ ਹਰਰਾਇ ਜੀ ਨੂੰ,
ਨਾਭੇ ਦੇ ਨਰੇਸ਼ ਤਾਈਂ ਤਖਤ ਤੇ ਬਠੌਣ ਦਾ !
ਵੇਲ਼ਾ ਏਹੋ ਜਾਨੋ ਹੁਣ ਏਸ ਨੂੰ ਘੁਸਾਓ ਨਾਹੀਂ,
ਵਧਨਾ ਨਾ ਪਾਵੇ ਹੱੜ ਜ਼ੁਲਮ ਵਾਲਾ ਸੌਣ ਦਾ !
ਨਿੱਤ ੨ ਅਸਾਂ ਦੀ ਖ਼ੁਆਰੀ ਹੋਵੇ ਭਾਰੀ ਵੀਰੋ,
ਜ਼ਾਲਮਾਂ ਨੂੰ ਵੇਲਾ ਲਭੇ ਨਿੱਤ ਸਾਨੂੰ ਤੌਣ ਦਾ !
ਕਦੀ ਫੱੜ ਡਾਂਗਾਂ ਕਦੀ ਬਰਛੀਆਂ ਦੀ ਮਾਰ ਕਰ,
ਕਦੀ ਨਾਲ ਗੋਲੀਆਂ ਦੇ ਸਾਨੂੰ ਮਰਵੌਣ ਦਾ !
ਹੁਣ ਤਾਂ ਵੰਗਾਰ ਕਰ ਲਾਹ ਸਿਰੋਂ ਭਾਰ ਦਿਓ,
"ਵਜਿਆ ਨਗਾਰਾ" ਜੇ ਸ਼ਹੀਦੀਆਂ ਦੇ ਪੌਣ ਦਾ !

ਸ਼ਾਂਤਮਈ ਜੰਗ ਵਿਚ ਆਓ ਜੀ ਉਮੰਗ ਧਾਰ,
ਹੋਕੇ ਰਾਮਚੰਦ ਜ਼ੁਲਮ ਦੂਰ ਕਰੋ ਰੋਣ ਦਾ!

—o—

## ਕੌਮ ਘਾਤੀ ਗੁਰਦਿਆਲੂ ਦੇ ਸਿਰ ਮਿਟੀ ਦਾ ਛੱਜ!

ਪਾਪੀ ਦੁਸ਼ਟ ਹਤਿਆਰਿਆ ਡਰੀਂ ਰਬੋਂ,
ਚੰਦੂ ਹੋਕੇ ਕੈਹਰ ਕਮਾ ਨਾਹੀਂ!
ਲੰਬੇ ਬਲਦੇ ਪਏ ਚੌਫੇਰੋਂ ਅਗੇ,
ਤੇਲ ਪਾਕੇ ਹੋਰ ਕਲਕਾ ਨਾਹੀਂ!
ਸਾਨੂੰ ਬੀਟੀ ਅਜ਼ਮਾ ਲਿਆ ਰਜ ਰਜਕੇ,
ਓਦੋਂ ਵਧ ਹੁਣ ਹੋਰ ਅਜ਼ਮਾ ਨਾਹੀਂ!
ਬਨਕੇ ਕੌਮੀ ਗਦਾਰ ਨਾ ਗਦਰ ਕਰ ਹੁਣ,
ਕਾਲਖ ਮਥੇ ਤੇ ਐਵੇਂ ਲਵਾ ਨਾਹੀਂ!
ਜ਼ਰਾ ਸੋਚ ਪਾਪੀ ਆਪਣੇ ਦਿਲ ਅੰਦਰ,
ਸਿੱਖ ਹੋਕੇ ਕੈਹਰ ਕਮਾਨ ਲਗੋਂ
ਬਣਕੇ ਲਖੂ ਦਾ ਯਾਰ ਨਾਦਾਰ ਪਾਪੀ,
ਪੰਥ ਖਾਲਸੇ ਤਾਈਂ ਮਿਟਾਨ ਲਗੋਂ!

—o—

ਤੈਨੂੰ ਮਾਣ ਨਾ ਰਹੇ ਤੂੰ ਕਰੀ ਜਾਵੀਂ,
ਜ਼ੁਲਮ ਵਧ ਤੋਂ ਵਧ ਜਲਾਦ ਹੋਕੇ!
ਕਟੀਂ ਪੰਥ ਨੂੰ ਬਨ ਤਲਵਾਰ ਜ਼ਾਲਮ,
ਮਾਰੀਂ ਛੁਰੀ ਤੂੰ ਅਸਲ ਸਯਾਦ ਹੋਕੇ!
ਭੁਖੇ ਰਖਕੇ ਸਿੰਘ ਤੜਫਾਈਂ ਬੇਸ਼ਕ,

ਕਰੀਂ ਪਾਪ ਤੂੰ ਅਸਲ ਬੇਦਾਦ ਹੋਕੇ !
ਵੇਲਨਾਂ ਬਣਕੇ ਪੀੜ ਭਾਵੇਂ,
ਅਸੀਂ ਝਲਾਂਗੇ ਕਸ਼ਟ ਕਮਾਦ ਹੋਕੇ !
ਐਪਰ ਜ਼ੁਲਮ ਦੀ ਵੀ ਆਖਰ ਹੱਦ ਹੁੰਦੀ,
ਖਤਮ ਅੰਤ ਨੂੰ ਤੀਰ ਕਮਾਨ ਹੁੰਦੇ !
ਜ਼ਾਲਮ ਜ਼ੁਲਮ ਸਣੇ ਛੇਤੀ ਖਤਮ ਹੁੰਦੇ,
ਕਾਇਮ ਧਰਮ ਦੇ ਸਦਾ ਨਸ਼ਾਨ ਹੁੰਦੇ !

ਪਾਪੀ ! ਸਬਰ ਆਇਆ ਤੈਨੂੰ ਅਜੇ ਨਾਹੀਂ,
ਨਾਭੇ ਪਤੀ ਦੇ ਤਾਈਂ ਕੰਗਾਲ ਕਰਕੇ !
ਵਾਲੀ ਤਾਜ ਤੇ ਤਖਤ ਨੂੰ ਫਕਰ ਕਰਕੇ,
ਦਰਦੀ ਦਿੱਲ ਦੇ ਤਾਈਂ ਬੇਹਾਲ ਕਰਕੇ !
ਫੂਲ ਬਚੀਆਂ ਦੀ ਅਸਮਤ ਮੇਟ ਕਰਕੇ,
ਇਜ਼ਤ 'ਫੂਲ, ਦੇ ਤਾਈਂ ਪਾਮਾਲ ਕਰਕੇ !
ਭੁੱਖੇ ਸਿੰਘ ਰਖਕੇ ਜੈਤੋ ਵਿਚ ਜ਼ਾਲਮ,
ਕੁਟ ਮਾਰਕੇ ਬਨ ਚੰਡਾਲ ਕਰਕੇ !
ਐਨੀ ਕਰਕੇ ਨਾ ਤੇਰਾ ਢਿੱਡ ਭਰਿਆ,
ਪੜ੍ਹਦੇ ਪਾਠੀਆਂ ਦੇ ਤਾਈਂ ਫੜਨ ਲਗੋਂ !
ਪੱਥਰ ਰਖਕੇ ਆਪਣੀ ਵਿਚ ਬੇੜੀ,
ਗ਼ਰਕ ਓਸ ਤਾਈਂ ਜ਼ਾਲਮ ਕਰਨ ਲਗੋਂ !

ਮਾਰ ਮਾਰਕੇ ਗੁਰੂ ਦੁਲਾਰਿਆਂ ਨੂੰ,
ਜਬਰ ਜ਼ੁਲਮ ਦੇ ਹੜ੍ਹ ਵਗੌਣ ਲਗੋਂ !
ਅਜ ਵੱਧ ਗਿਓਂ ਜ਼ਾਲਮ ਚੰਦੂ ਤੋਂ ਵੀ,

ਭਾਂਬੜ ਬਾਲ ਤੰਦੂਰ ਨੂੰ ਤੌਣ ਲਗੋਂ !
ਬੇਗੁਨਾਹਾਂ ਨੂੰ ਮਾਰਕੇ ਦੁਖੀ ਕਰਕੇ,
ਰਬੀ ਅਰਸ਼ ਦੇ ਤਾਈਂ ਦਬੌਣ ਲਗੋਂ !
ਜ਼ਬਰ ਪਾਪ ਕਰਕੇ ਜ਼ੁਲਮ ਘੋਰ ਕਰਕੇ,
ਸਾਰੇ ਜ਼ੁਲਮ ਨੂੰ ਮਾਤ ਕਰੌਣ ਲਗੋਂ !
ਪਾਪੀ ਜ਼ੁਲਮ ਕਰੀਂ ਉਤਨੇ ਸਾਡੇ ਉਤੇ,
ਜਿਨੇ ਤੁਧ ਨੇ ਆਪ ਸਹਾਰ ਲੈਣੇ !
ਖੇਤ ਬੀਜਿਆ ਵੱਢਨਾ ਪਊ ਆਖਰ,
ਏਸ ਵਿਚ ਸੰਸਾਰ ਵਿਚਾਰ ਲੈਣੇ !

—8-···...-o-···...-8—

ਹੋਇਆ ਕੀ ਜੇ ਅਜ ਤੂੰ ਹੋ ਭੂਏ,
ਮਨੂੰ ਵਾਂਗ ਟਿਕਾਰ ਤਾਂ ਕਰਨ ਲਗੋਂ !
ਦੁਖ ਦੇ ਕਰਕੇ ਸਿੰਘਾਂ ਸੂਰਿਆਂ ਨੂੰ,
ਸ਼ਬਦ ਪੜ੍ਹਦਿਆਂ ਦੇ ਤਾਈਂ ਫੜਨ ਲਗੋਂ !
ਬੰਦ ਕਰ ਪਿਸ਼ਾਬ ਮੈਦਾਨ ਸਭ ਦਾ,
ਪੌੜੀ ਲਾ ਅਸਮਾਨ ਤੇ ਚੜ੍ਹਨ ਲਗੋਂ !
ਦੁਨੀਆਂ ਕਾਰਨੇ ਦੀਨ ਗਵਾ ਕਰਕੇ,
ਮੌਤ ਜ਼ਾਲਮਾਂ ਵਾਲੜੀ ਮਰਨ ਲਗੋਂ !
ਐਪਰ ਅਸੀਂ ਵੰਗਾਰਕੇ ਆਖਦੇ ਹਾਂ,
ਸਾਨੂੰ ਜਮਿਆਂ ਨਹੀਂ ਦਬੌਣ ਵਾਲਾ !
ਅਸਾਂ ਨਾਭੇ ਨੂੰ ਕਰ 'ਆਜ਼ਾਦ' ਦੇਣਾ,
ਹੜ ਰੋਕ ਕਰਕੇ ਵਗਦਾ ਸੌਣ ਵਾਲਾ !

—8—()-⊂⊃-()—8—

# ਹੱਕ ਖੋਹ ਬਿਗਾਨੜੇ ਬੈਠ ਜਾਣਾ, ਲਿਖਿਆ ਦੱਸ ਖਾਂ ਕੇਹੜੀ ਕਿਤਾਬ ਅੰਦਰ?

(੧) ਐ 'ਸਯਾਦ' ਜਾਬਰ ਮੈਨੂੰ ਦੱਸ ਅੜਿਆ,
ਤੇਰੇ ਮੁਕਨਗੇ ਤੀਰ ਕਮਾਨ ਕਦ ਤੱਕ!
ਕਿਨਾਂ ਚਿਰ ਸਤਾਵਸੇਂ 'ਬੁੱਲਬੁੱਲਾਂ' ਨੂੰ,
ਮਾਰ ਮਾਰ ਦੁਖਾਵਸੇਂ ਜਾਨ ਕਦ ਤੱਕ!
ਇਕ ਥੀਂ ਇਕ ਚੜ੍ਹੰਦੜਾ ਪਾ ਪਰਚਾ,
ਲੈਂਦਾ ਰਹੇਂ ਜਾਬਰ ਇਮਤਿਹਾਨ ਕਦ ਤੱਕ!
ਪਕੜ ਪਕੜ ਬੇਦੋਸ਼ੀਆਂ ਬੁੱਲਬੁੱਲਾਂ ਨੂੰ,
ਭਰਦਾ ਰਹੇਂਗਾ ਪਾਪੀ ਜ਼ਿੰਦਾਨ ਕਦ ਤਕ
ਓ ! ਬੇਦੋਸ਼ਿਆਂ ਨੂੰ ਕਰ ਤੰਗ ਨਾਹੀਂ,
ਚੰਗੇ ਨਹੀਂ ਹੁੰਦੇ ਕਰਨੇ ਕਹਿਰ ਜਾਬਰ!
ਸਦਾ ਬਾਗ਼ ਬਹਾਰ ਨਾ ਨਿੱਤ ਰਹਿੰਦੀ,
ਢਲਦੀ ਵੇਖ ਲੈ ਨਿੱਤ ਦੁਪਹਿਰ ਜਾਬਰ!

---

(੨) ਹੱਕ ਖੋਹ ਬਿਗਾਨੜੇ ਬੈਠ ਜਾਣਾ,
ਲਿਖਿਆ ਦਸ ਖਾਂ ਕੇਹੜੀ ਕਿਤਾਬ ਅੰਦਰ?
ਹਾਇ ਵਸਦਿਆਂ ਦੇ ਝੁਗੇ ਲੁਟ ਲੈਣੇ,
ਕਰਨਾ ਰਾਜਿਓਂ ਰੰਕ ਸ਼ਿਤਾਬ ਅੰਦਰ!
ਬੇਗੁਨਾਹਾਂ ਨੂੰ ਮਾਰ ਬੇ-ਹਾਲ ਕਰਨਾ,
ਕਰਨਾਇਂ ਜਬਰ ਤੂੰ ਕੇਹੜੇ ਹਿਸਾਬ ਅੰਦਰ?
ਲਿਖਿਆ ਮਿਲੇ ਨਾ ਕਿਸੇ ਕਿਤਾਬ ਅੰਦਰ,
ਬੇਸ਼ਕ ਹੈ ਖਿਆਲ ਜਨਾਬ ਅੰਦਰ!

ਐਪਰ ਵਾਂਗ ਫਰਊਨ ਦੇ ਹੋ ਉਚੇ,
ਵਿਚ ਕਿਬਰ ਹੰਕਾਰ ਦੇ ਸੜਨ ਕੁਝ ਨਹੀਂ !
ਜ਼ਬਰ ਜ਼ੁਲਮ ਕਰਕੇ ਪਾਪੀ ਪਾਪ ਕਰਕੇ,
ਬੇੜੀ ਪਾ ਪੱਥਰ ਸਮਝ ਭਰਨ ਕੁਝ ਨਹੀਂ !

(੩) ਹੁਣ ਤਾਂ ਅਤ ਹੋਈ ਤੇਰੇ ਜਬਰ ਵਾਲੀ,
ਖਲਕਤ ਰਬ ਦੀ ਤੈਂ ਲਾਚਾਰ ਕੀਤੀ !
ਤੈਨੂੰ ਅਸੀਂ ਸਮਝਾਂਵਦੇ ਥੱਕ ਲਥੇ,
ਨਰਮ ਜ਼ੁਲਮ ਦੀ ਨਾਹਿੰ ਰਫਤਾਰ ਕੀਤੀ !
ਘਟਿਆ ਨਹੀਂ, ਵਧਿਆ ਜਾਂਦਾ ਜਬਰ ਤੇਰਾ,
ਚਲਦੀ ਬੰਦ ਨਾ ਜਬਰ ਕਟਾਰ ਕੀਤੀ !
ਮਾਰ ਮਾਰ ਸਗੋਂ ਸੀਨੇ ਛੇਕ ਪਾਏ,
ਬੇਗੁਨਾਹਾਂ ਦੀ ਜਿੰਦ ਬੇਜ਼ਾਰ ਕੀਤੀ !
ਜ਼ਰਾ ਹੋਸ਼ ਕਰ ਲੈ ਤੈਨੂੰ ਅਖਦੇ ਹਾਂ,
ਤੇਰੇ ਬਾਗ਼ ਦੀ ਮੁਕ ਬਹਾਰ ਜਾਸੀ !
ਨਾਇਹ ਜਬਰਰੈਹਸਨ ਨਾਇਹ ਜ਼ੋਰਰੈਹਸਨ,
ਜਬਰ ਪਾਪ ਦੀ ਟੁਟ ਤਲਵਾਰ ਜਾਸੀ !

(੪) ਰਾਜ ਸਾਜ ਖੋਹਕੇ ਤਖਤੋਂ ਤਾਜ ਖੋਹਕੇ,
ਪਹਿਲਾਫਲਦਿੱਤਾਆਪਣੀਆਂਯਾਰੀਆਂ ਦਾ !
ਬੱਜ ਬੱਜ ਘਾਟ ਗੋਲੀ ਚਲੀ ਵਾਂਗ ਹੋਲੀ,
ਵੰਗ ਸਿਖਿਆ ਠੀਕ ਸ਼ਿਕਾਰੀਆਂ ਦਾ !
ਜਰਮਨ ਜੰਗ ਅੰਦਰ ਜਿੰਦ ਜਾਨ ਦਿੱਤੀ,
ਦਿੱਤਾ ਫਲ ਵੇਖੋ ਮਦਦਾਂ ਭਾਰੀਆਂ ਦਾ !

ਜਲ੍ਹਿਆ ਬਾਗ਼ ਵਿਚ ਜਨਮ ਸਥਾਨ ਅੰਦਰ,
ਮਿਲਿਆ ਇਵਜ਼ ਹੈ ਖਿਦਮਤਾਂ ਸਾਰੀਆਂ ਦਾ !
ਗੁਰੂ ਬਾਗ਼ ਵਿਚ ਤੇਰਾ ਪਿਆਰ ਡਿੱਠਾ,
ਡਾਂਗਾਂ ਮਾਰਕੇ ਸਾਨੂੰ ਬੇਹਾਲ ਕੀਤਾ !
ਹੁਣ ਪਕੜਕੇ ਨਾਭੇ ਨਰੇਸ਼ ਤਾਈਂ,
ਦੁਖੀ ਪੰਥ ਵਾਲਾ ਵਾਲ ਵਾਲ ਕੀਤਾ !

—:ੴ:—

(੫) ਐਪਰ ਗਜ ਉਚੀ ਤੈਨੂੰ ਆਖਦੇ ਹਾਂ,
'ਬੰਸ ਫੂਲ' ਵਾਲੀ ਅਵਾਦਾਨ ਰੈਹਸੀ !
ਉਨਾਂ ਚਿਰ ਵਾਰਸ ਤਖਤੋ ਤਾਜ ਵਾਲੀ,
ਜਿਨਾਂ ਚਿਰ ਏ ਜ਼ਿਮੀਂ ਅਸਮਾਨ ਰੈਹਸੀ !
ਕਬਜ਼ਾ ਤੁਧ ਦਾ ਹੋਣ ਨਾ ਪਾਊ ਓਥੇ,
ਜਿਨਾਂ ਚਿਰ ਇਹ ਸਿੱਖ ਸੰਤਾਨ ਰੈਹਸੀ !
ਬੈਠੂ ਤਖਤ ਤੇ ਸ੍ਰੀ ਰਿਪੁਦਮਨ ਸਿੰਘ ਹੀ,
ਬਣਿਆਂ ਉਂ ਗਲਵੀ ਨਹੀਂ ਸੁਲਤਾਨ ਰੈਹਸੀ !
ਉਠ ਬਿਸਤਰਾ ਬੰਨ੍ਹ ਤੇ ਹੋਸ਼ ਕਰਕੇ,
ਵਾਗ ਆਪਣੇ ਦੇਸ ਨੂੰ ਮੋੜ ਅੜਿਆ !
ਭਲਮਣਸਊ ਏਹੋ ਤੈਨੂੰ ਆਖਦੇ ਹਾਂ,
ਨਾ ਕਰ ਅਸਾਂ ਦੇ ਨਾਲ ਅਨਜੋੜ ਅੜਿਆ !

—(੦)—

**ਮਰ ਮਿਟਣ ਲਈ ਫੂਲ ਦੀ ਸ਼ਮਾ ਉਤੇਂ,**
**ਤਜਾਰ ਮਰਦ ਧਰਮੀ ਪਹਿਲਵਾਨ ਹੋਗਏ!**

ਵਾਹਵਾ ! ਰੁਤ ਬਹਾਰ ਦੀ ਅਜਬ ਪਯਾਰੀ,

ਹਰੀਆਂ ਖੇਤੀਆਂ ਲਹਿ ਲਹਾਈਆਂ ਸੀ !
ਖਿੜੇ ਫੁਲਾਂ ਤੇ ਫਲਾਂ ਦਾ ਜ਼ੋਰ ਬਹੁਤਾ,
ਗਲੀਂ ਅਜਬ ਪੌਸ਼ਾਕੀਆਂ ਪਾਈਆਂ ਸੀ !
ਕਿਤੇ ਬੁੱਲਬੁੱਲਾਂ ਫੁਲਾਂ ਤੇ ਸਜੀਆਂ ਸੀ,
ਕਿਤੇ ਭੌਰਿਆਂ ਨੇ ਗੂੰਜਾਂ ਲਾਈਆਂ ਸੀ !
ਵਾਯੂ ਭਰੀ ਸੁਗੰਧੀ ਦੀ ਰੁਮਕਦੀ ਸੀ,
ਰੁਤਾਂ ਦੂਜੀਆਂ ਮਾਤ ਕਰਾਈਆਂ ਸੀ !
ਕੋਇਲ ਅੰਬ ਤੇ ਬੈਠ ਸੀ ਮੌਜ ਕਰਦੀ,
ਗਲੋਂ ਖਿਜ਼ਾਂ ਦਾ ਤੌਕ ਜ਼ੰਜੀਰ ਲਾਹਕੇ !
ਭੁਲੀ ਗੱਲ ਸੀ ਜ਼ਾਲਮ ਖਿਜ਼ਾਂ ਵਾਲੀ,
ਰਾਂਝਾ ਯਾਰ ਸੀ ਖੁਸ਼ੀ ਜਿਓਂ ਹੀਰ ਪਾਕੇ !

—o—

ਹਾਇ ! ਮੌਜ ਮਾਣੀ ਨਾਂ ਸੀ ਬੁੱਲਬੁੱਲਾਂ ਨੇ,
ਜ਼ਾਲਮ ਖਿਜ਼ਾਂ ਨੇ ਤਾਣ ਕਮਾਣ ਲਈ !
ਹੱਲਾ ਬੋਲ ਦਿੱਤਾ ਦਿੱਲ ਦੇ ਜਾਨੀਆਂ ਤੇ,
ਮਾਰ ਤੀਰ ਦਿੱਤੇ ਹਾ ! ਮੁਕਾਨ ਲਈ !
ਮੁਰਦੇ ਹੋ ਡਿਗੇ ਫੁਲ ਧਰਤ ਉਤੇ,
ਭੌਰੇ ਲੂਛਦੇ ਪ੍ਰੀਤਮ ਦੀ ਜਾਨ ਲਈ !
ਕਾਤੀ ਖਿਚ ਮਾਰੀ ਛਾਤੀ ਕੋਕਲਾਂ ਦੀ,
ਡਾਇਣ ਖਿਜ਼ਾਂ ਨੇ ਕਰਨ ਵੈਰਾਨ ਲਈ !
ਬੁੱਲਬੁੱਲ ਬਾਗ ਦੀ ਤੜਪਕੇ ਭੌਂਇ ਡਿੱਗੀ,
ਦੁਖ ਦੇਖ ਕਰਕੇ ਦਿੱਲ ਦੇ ਜਾਨੀਆਂ ਦਾ !
ਅੱਖਾਂ ਸਾਹਮਣੇ ਤੜਪਦੇ ਵੇਖ ਕੇ ਤੇ,
ਸੱਲ੍ਹ ਸਹਿ ਨਾ ਸਕੀ ਉਹ ਹਾਣੀਆਂ ਦਾ !

ਸਾਡੇ ਨਾਭੇ ਗੁਲਜ਼ਾਰ ਤੇ ਖਿਜ਼ਾਂ ਵਰਤੀ,
ਸੁਕੇ 'ਫੱਲ' ਤੇ 'ਫੂਲ' ਪਾਮਾਲ ਹੋ ਗਏ !
'ਫੁਲ' ਤੋੜ ਦਿਤੇ ਖਿਜ਼ਾਂ ਪੱਛਮੀ ਨੇ,
ਦੁਖੀ ਪੰਥ ਦਰਦੀ ਵਾਲ ਵਾਲ ਹੋ ਗਏ !
ਹੀਰੇ ਮਹਿਲ ਅੰਦਰ ਅੱਜ ਉਗਲਵੀ ਜੇਹੇ,
ਚੁਰਟਾਂ ਪੀ ਕਰਕੇ ਹਾ ! ਖੁਸ਼ਹਾਲ ਹ ਗਏ !
ਪੰਛੀ ਮਾਨ ਸਰੋਵਰ ਦੀ ਮੌਜ ਮਾਨਣ,
ਵੇਖੋ! ਚਹਿਕਦੇ ਦੁਖੀ ਮਰਾਲ ਹੋ ਗਏ !
ਸਿੰਹਾ ਪੰਥ ਤੋਂ ਗਿਆ ਨ ਜਬਰ ਹੁੰਦਾ,
ਤਿਆਰ ਮਰਨ ਨੂੰ ਬਹੁਤ ਜਵਾਨ ਹੋ ਗਏ !
ਮਰ ਮਿਟਣ ਨੂੰ ਫੂਲ ਦੀ ਸ਼ਮਾਂ ਉਤੇ,
ਤਿਆਰ ਮਰਦ ਧਰਮੀ, ਪਹਿਲਵਾਨ ਹੋ ਗਏ !

—o—

ਧਰਮੀ ਦੇਸ਼ ਪੰਜਾਬ ਦੇ ਲਾਲ ਬਾਂਕੇ,
ਦਸਮ ਪਿਤਾ ਜੀ ਦੇ ਸੋਹਣੇ ਬਾਲ ਵਾਹਵਾ !
ਗੁਰੂ ਦਾਤ ਉਤੋਂ ਸੀਸ ਘੋਲ ਦੇਣੇ,
ਠਾਨ ਲਿਆ ਦਿਲੀਂ ਏਹ ਖਿਆਲ ਵਾਹਵਾ !
ਨਾਲੇ ਤਨ ਦੇਣਾ ਨਾਲੇ ਧਨ ਦੇਣਾ,
ਮਨ ਗੁਰੂ ਸੱਦਕੇ ਦੇਣਾ ਭਾਲ ਵਾਹਵਾ !
ਸੀਸ ਜਾਏ ਤਾਂ ਜਾਏ ਬੇਸ਼ੱਕ ਜਾਏ,
ਐਪਰ ਨਾਭੇ ਨੂੰ ਕਰਨਾਂ ਬਹਾਲ ਵਾਹਵਾ !
ਰੰਗ ਉਡ ਗਿਆ ਫੂਲ ਡਾਲੀਆਂ ਦਾ,
ਆਈ ਖਿਜ਼ਾਂ ਤੇ ਬਾਗ਼ ਵੈਰਾਨ ਹੋ ਗਏ !
ਜਾਬਰ ਖਿਜ਼ਾਂ ਤਾਈਂ ਐਪਰ ਮੇਟਨੇ ਲਈ,

ਤਜ਼ਾਰ ਸ਼ਾਂਤਮਈ ਲੱਖਾਂ ਬਲਵਾਨ ਹੋ ਗਏ !

—o—

## ਗੁਰੂ ਅੰਗ ਸੰਗ ਅਤੇ ਸਦਾ ਰਖਵਾਲਾ ਏ !

ਵੇਖੇ ਪਰਵਾਨਾ ਜਦੋਂ ਦੀਵੇ ਤਾਈਂ, ਬਲਦੇ ਨੂੰ,
ਲਾਟ ਉਤੋਂ ਜਾਨ ਦੇਵੇ ਰਖ ਸੀਸ ਤਲੀ ਤੇ !
ਅੰਗ ਅੰਗ ਜਲ ਜਾਂਦੇ ਹਾਇ ਕਹੇ ਮੁਖ ਥੀਂ ਨਾ,
ਬਲੀਦਾਨ ਦੇਵੇ ਪਯਾਰੇ ਯਾਰ ਸੰਦੀ ਬਲੀ ਤੇ !
ਹਸ ਹਸ ਆਵੇ ਤੇ ਜਲਾਵੇ ਤਨ ਮਾਹੀ ਹਿੱਤ,
ਚਿੱਤ ਚਿ ਉਮੰਗ ਧਾਰ ਧਾਵੇ ਕਰ ਗਲੀ ਤੇ !
ਔਖੀ ਰਾਹ ਮਲੀ ਝੱਲੀ ਕਸ਼ਟਨੀ ਅਵੱਲੀ ਵੇਖੋ,
ਭਲੀ ਏਹੋ ਰੀਤ ਪ੍ਰੀਤ ਪ੍ਰੀਤਮ ਸੁਖਲੀ ਤੇ !

—o—

ਗੁਰੂ ਦੇ ਪਿਯਾਰਿਆਂ ਦਾ ਏਹੋ ਹੀ ਤਰੀਕਾ ਯਾਰੋ,
ਗੁਰੂ ਕਾਰ ਹਿੱਤ ਸੀਸ ਤਲੀ ਤੇ ਟਿਕਾਨ ਜੋ !
ਦੇਹਾਂ ਨੂੰ ਜਲੌਣ ਤੇ ਕਟੌਣ ਬੰਦ ਬੰਦ ਚੰਦ,
ਸੀਸ ਤੇ ਰਖੌਣ ਆਰੇ ਖੋਪਰੇ ਲੁਹਾਨ ਜੋ !
ਧਾਮਾਂ ਦੇ ਸੁਧਾਰ ਹਿੱਤ ਕੀਮਾਂ ੨ ਹੋਣ ਜੇਹੜੇ,
ਖਿੜੇ ਮਥੇ ਅਗੇ ਮਾਰ ਗੋਲੀਆਂ ਦੀ ਖਾਨ ਜੋ !
ਕੈਦਾਂ ਸੰਦਾ ਡਰ ਕਦੋਂ ਲਗਦਾ ਹੈ ਉਨਾਂ ਤਾਈਂ,
ਰੇਲਾਂ ਅੱਗੇ ਬੈਠ ਐਂਨ ਹੋਣ ਕੁਰਬਾਨ ਜੋ

—o—

ਸਾਡੇ ਤਾਈਂ ਬਾਗ਼ੀ ਅਤੇ ਸਾਜ਼ਸ਼ੀ ਬਣਾਇਆ ਕਈਆਂ,
ਕਈ ਵੇਰ ਝੁਲੇ ਏਥੇ ਕੈਹਰ ਤੇ ਤੂਫ਼ਾਨ ਜੀ

ਕੋਪੇ ਕਈ ਖਾਨ ਅਤੇ ਹੋਇਕੇ ਸ਼ੈਤਾਨ ਜਿਨ੍ਹਾਂ,
ਲਾਹੇ ਸਾਡੇ ਘਾਨ ਤਾਣ ਤੀਰ ਤੇ ਕਮਾਨ ਜੀ !
ਗੁਰੂ ਧਾਮ ਖੋਹੇ ਅਤੇ ਕਰਬਲਾ ਬਨਾਏ ਘਰ,
ਪਿੰਡ ਸਾਡੇ ਕੀਤੇ ਜਿਨ੍ਹਾਂ ਬੇਹ ਸ਼ਮਸ਼ਾਨ ਜੀ !
ਹਾਰੇ ਅੰਤ ਮਾਰੇ ਗਏ ਖੇਹ ਵਿੱਚ ਖੇਹ ਹੋਏ,
ਡਿੱਗ ਪਏ ਭੂਮ ਉਤੇ ਝੂਲਦੇ ਨਿਸ਼ਾਨ ਜੀ !

—o—

ਏਸ ਸਰਕਾਰ ਨੇ ਅਨੋਖੜੀ ਨਾਂ ਕਾਰ ਕੀਤੀ,
ਜਾਬਰਾਂ ਦੇ ਪਾਸੋਂ ਏਹੋ ਪੁਜ ਸਰ ਆਵੰਦੀ !
ਜ਼ੁਲਮ ਦੀ ਲੁਗਾਤ ਵਿੱਚ ਧਰਮ ਬਗਾਵਤ ਹੈ,
ਕਾਲੀ ਬੋਲੀ ਰਾਤ ਜਿਵੇਂ ਚਾਂਦਨੀ ਨਾ ਭਾਵੰਦੀ !
ਉਲੂਆਂ ਦੇ ਭਾਣੇ ਦਿਨ ਚੜ੍ਹਨਾਂ ਜਿਓਂ ਕਹਿਰ ਭਾਰੀ,
ਪਾਗਲਾਂ ਨੂੰ ਭਲੀ ਗਲ ਜਿਵੇਂ ਨਾ ਸਖਾਵੰਦੀ !
ਤਿਵੇਂ ਪਾਪੀ ਜ਼ਾਬਰਾਂ ਨੂੰ ਲੱਗਦੀ ਕਮੇਟੀ ਬੁਰੀ,
ਧਰਮੀਆਂ ਦੇ ਤਾਈਂ ਪਈ ਬਾਗ਼ੀ ਜੋ ਅਲਾਵੰਦੀ !

—o—

ਲੂਤੀਆਂ ਨੂੰ ਲੌਣ ਵਾਲੇ ਜਾਇ ਭੜਕੌਣ ਵੇਖੋ,
ਲੱਧਿਆਂ ਜਵਾਨਾਂ ਆਖ ਉਨਾਂ ਨੂੰ ਨਚਾਵੰਦੇ !
ਭੂਏ ਕਰ ਦੇਵੰਦੇ ਹਕੂਮਤ ਦੇ ਯਾਰ ਸਭੇ,
ਬਦੋ ਬਦੀ ਵੇਖੋ ਐਂਵੇ ਰਾਰ ਨੂੰ ਵਧਾਵੰਦੇ !
ਪਰਉਪਕਾਰ ਤੇ ਸੁਧਾਰ ਤਾਈਂ ਸਾਜ਼ਸ਼ ਕਹਿ,
ਆਪਣੀ ਤਹਿਜ਼ੀਬ ਤਾਈਂ ਖਾਕ ਚੁ ਮਿਲਾਵੰਦੇ !
ਸ਼ੋਕ ! ਮਹਾਂ ਸ਼ੋਕ !! ਸਮਝਾਵੇ ਕੇਹੜਾ ਐਹਮਕਾਂ ਨੂੰ,
ਘਰੋਂ ਖਾਕੇ ਕੌਣ ਮੱਤ ਦੇਣ ਭਾਈ ਜਾਵੰਦੇ !

ਝੂਠ ਦੀ ਕੀ ਤਾਕਤ ਦਬਾਏ ਸਕੇ ਸੱਚ ਤਾਈਂ
ਧਕੇ-ਸ਼ਾਹੀ ਪਈ ਐਂਵੇ ਪੰਥ ਨੂੰ ਸਤਾਵੰਦੀ !
ਰੱਯਤ ਸਤਾਕੇ ਅਤੇ ਧਰਮੀਆਂ ਦੁੱਖਾਕੇ ਕੱਦੀ,
ਕੋਈ ਦਸੋ ਸ਼ਾਹੀ ਜੇਹੜੀ ਅੱਜ ਵਿੱਚ ਆਂਵਦੀ ?
ਧਰਮੀਆਂ ਦੀ ਜਿੱਤ ਸਦਾ ਆਦ ਤੇ ਜੁਗਾਦਿ ਰਹੀ,
ਪਾਪ ਵਾਲੀ ਨਾਉਂ ਭਰ ਪੱਥਰਾਂ ਜੋ ਜਾਵੰਦੀ !
ਡੁਬ ਜਾਂਦੀ ਝੱਬ ਲਗੇ ਕਦੀ ਨਾ ਉਰਾਰ ਪਾਰ,
ਮੁੱਢ ਤੋਂ ਹੀ ਰੀਤ ਇਹੋ ਹੈਗੀ ਚਲੀ ਆਵੰਦੀ !

—o—

ਏਹੋ ਤੁਸਾਂ ਖਾਲਸਾ ਜੀ ਜਾਨਣਾ ਜੇ ਦਿੱਲਾਂ ਵਿੱਚ,
ਗੁਰੂ ਅੰਗ ਸੰਗ ਅਤੇ ਸੱਦਾ ਰੱਖਵਾਲਾ ਏ !
ਜਿੱਤ ਹੈ ਅਸਾਡੀ ਅਤੇ ਹਾਰ ਹੈਗੀ ਜਾਬਰਾਂ ਦੀ,
ਸਾਬਰਾਂ ਦੀ ਜਿੱਤ ਦਾ ਏਹ ਰਾਸਤਾ ਸੁੱਖਾਲਾ ਏ !
ਸੱਚ ਤੇ ਨਿਆਉਂ ਅਰ ਜੋਤ ਸੱਚੀ ਸਾਡੇ ਵੱਲ,
ਜ਼ੋਰ ਅਤੇ ਪਾਪ ਵਾਲਾ ਮੁੱਖ ਹੋਣਾ ਕਾਲਾ ਏ !
ਹੋਣੇ ਨੇ 'ਆਜ਼ਾਦ' ਬੰਦੀ ਵੀਰ ਸਾਡੇ ਕੁੱਲ ਯਾਰੋ,
ਸਾਜ਼ਸ਼ਾਂ ਸੁਡੀਸ਼ਨਾਂ ਦਾ ਨਿਕਲਨਾ ਦਵਾਲਾ ਏ !

—o—

## ਪਿਆਰੇ ਸਿੰਘ 'ਰਿਪੁਦਮਨ' ਵਰਗੇ ਅਗਰੀ ਅੰਦਰ ਡਾਰ ਦਿਤੇ !

ਵਾਹ! ਵਾ!! ਵਾਓ ਪੁਰੇ ਦੀ ਵਗੇ ਵਾਹਾ! ਵਾ!! ਇਸਦੀ ਫੇਰੀਏ,
ਪਈ ਵਗੇਂਦੀ ਨਾਲ ਅੱਦਾ ਦੇ ਨਾਜ਼ ਕਰੇਂਦੀ ਚੇਰੀਏ !
ਕਦੀ ਤਾਂ ਛੇੜੇ ਫੁਲਾਂ ਤਾਂਈਂ ਕਦੀ ਤਾਂ ਬਿਰਛਾਂ ਘੇਰੀਏ,

ਨੱਚਦੀਟੱਪਦੀ ਕੁਦਦੀਪਿਆਰੀ ਕਰਦੀ ਬੜੀ ਦਲੇਰੀਏ !
ਆਕੜਖ਼ੋਰਦਰਖਤਾਂ ਤਾਂਈਂ ਸਿਰਦੇ ਭਾਰਗਿਰਾਨ ਲਗੀ,
ਪਰ ਨਮਾਣੇ ਘਾਹ ਦੇ ਤਾਂਈਂ ਦੇਖੋ ਆਨ ਬਚਾਨ ਲਗੀ !

ਨਾਕਰ ਰਮਜ਼ਾਂ ਨਾਲ ਅਸਾਡੇ ਨਾ ਕਰਨਾਜ਼ ਅਜਾਈਂਨੀ,
ਨਾ ਹੁਣ ਛੇੜ ਅਸਾਂਦੇ ਤਾਂਈਂ ਨਾ ਦੁਖੀਆਂ ਨੂੰ ਤਾਂਈਂਨੀ !
ਹਾਂ ਦੁਖਯਾਰੇ ਕਰਮਾਂ ਮਾਰੇ ਭਾਣ ਨਾ ਠੰਡੀਆਂ ਵਾਈਂਨੀ,
ਦੇਸ਼ ਮੇਰੇ ਚੁ ਲੰਬੇ ਬਲਦੇ ਕੰਨੀ ਪੈਂਦੀਆਂ ਹਾਈਂਨੀ !
ਵੇਖਅਸਾਂ ਨੂੰ ਜ਼ੁਲਮ ਹਨੇਰੀ ਮਿਟੀ ਵਿਚ ਮਿਲਾਨ ਲਗੀ,
ਰੰਕਬਨਾਕੇ ਦੁਖੀ ਕਰਾਕੇ ਦੁਖੀਆਂ ਤਾਂਈਂ ਸਤਾਨ ਲਗੀ !

ਇਕ ਧਿਰਵੀਰ ਅਸਾਡੇਅੜੀਏ 'ਬੰਦੀ' ਹੋ ਹੋ ਕੁਸਦੇਨੀ,
ਇਕ ਧਿਰਨਾਲ ਗੋਲੀਆਂਉਡਦੇ ਅਗਦੇਨਾਲ ਝੁਲਸਦੇਨੀ!
ਆਨ ਗਵਾਕੇ ਸ਼ਾਨ ਤਜਾਕੇ ਅਗ ਜਬਰ ਨਾਲ ਧੁਖਦੇਨੀ,
ਚਿੱਟੇ ਦਿਨ ਦਿਹਾੜੇ ਵਾਏ ! ਹੱਕ ਅਸ਼ਾਂ ਦੇ ਖ਼ੁਸਦੇ ਨੀ !
ਵੇਖ ਲੇ ਲੈਹਰਕੇਹਰਦੀ ਆਕੇਸਾਨੂੰ ਵਿਚ ਡੋਬਾਨ ਲਗੀ,
ਦੁਖੀਆਂ ਤੇਮਸਕੀਨਾਂ ਤਾਂਈਂ ਅੱਗ ਗਜ਼ਬਦੀ ਲਾਨਲਗੀ !

ਸ਼ਰਮ ਤਜਾਈਲਾਜ ਨਾ ਆਈ ਕਰਮਧਰਮ ਵੀ ਹਾਰਦਿੱਤੇ,
ਵੇਖ ਨੀ ਸਕਿਆਵੀਰਾਂ ਭਾਈਆਂ ਝੂਗੇ ਸਾਡੇਗਾਰ ਦਿਤੇ !
ਪਿਆਰੇਸਿੰਘ ਰਿਪੁਦਮਨਵਰਗੇ ਅਗਨੀਅੰਦਰਛਾਰਦਿਤੇ,
ਦੋ ਘੜੀਆਂ ਦੇ ਜੀਵਨ ਪਿਛੇ ਕੌਮੀ ਫ਼ਰਜ਼ ਵਸਾਰ ਦਿਤੇ !
ਹਾਇ!ਹਾਇ!!ਯਾਦ ਪਿਆਰੇ ਵਾਲੀਦੁਖੀ ਨੂ ਤੜਫਾਨ ਲਗੀ,
ਇਸ਼ਕ ਮਸ਼ੂਕ ਦੇ ਕੁਠੇ ਤਾਈਂ ਅਗ ਬ੍ਰਿਹੋਂਦੀ ਲਾਨ ਲਗੀ !

ਲਗੇ ਤੀਰ ਜਿਗਰ ਦੇ ਅੰਦਰ ਘਾਓ ਅਵਲਾ ਲੱਗ ਗਿਆ,
ਨਾਜ਼ ਦਖਾਕੇ ਪ੍ਰੇਮ ਦਖਾਕੇ ਜੋਗੀ ਪਿਆਰਾ ਠੱਗ ਗਿਆ!
ਲੈਕੇ ਨਾਲੇ ਪ੍ਰੀਤ ਵਤਨ ਦੀ ਹਾਵੇ ਲੈਂਦਾ ਭੱਗ ਗਿਆ,
ਨਾ ਕੋ ਸੰਗੀ ਨਾਲ ਲਿਆ ਉਸ ਹੰਸ ਅਕੇਲਾ ਵੱਗ ਗਿਆ!
ਐਪਰ ਯਾਦ ਪ੍ਰੀਤਮ ਵਾਲੀ ਮੇਰਾ ਜਿਗਰਾ ਖਾਣ ਲਗੀ,
ਏਸਬਿਹਾਲ'ਆਜ਼ਾਦ'ਦੇਤਾਂਈਂ ਆਪਣਾਅਸਰਦਿਖਾਣ ਲਗੀ!

ੴ—⊂⊃-o-⊂⊃—ੴ

ਉਠੀਂ ਅੜਿਆ ਹੋਸ਼ ਕਰੀਂ ਹੁਣ ਔਣਾ ਦੂਜੀ ਵਾਰ ਨਹੀਂ,
ਅੱਵਲ ਮਰਨਾ ਆਖਰ ਮਰਨਾ ਫਿਰ ਮਰਨੋਂ ਤਾਂ ਆਰ ਨਹੀਂ!
ਜਿੰਦ ਜੇ ਲਗੇ ਪ੍ਰੀਤਮ ਕਾਰਨ ਰੈਂਹਦਾ ਸਿਰ ਤੇ ਭਾਰ ਨਹੀਂ!
ਦੀਨ ਰਹੇ ਤੇ ਦੁਨੀਆਂ ਰੈਹ, ਹੈ,ਏਹਸੌਦਾ ਦਿਨ ਚਾਰ ਨਹੀਂ,
ਵੇਖ ਲੈ ਅਣਖ ਆਜ਼ਾਦੀ ਵਾਲੀ ਮੈਨੂ ਟੁੰਬ ਜਗਾਣ ਲਗੀ!
ਦੇਸ ਮੁਲਕੋ ਤੂੰ ਘੋਲੇ ਜਾਈਂ ਇਹੋ ਸਬਕ ਸਖਾਨ ਲਗੀ,

ੴ—⊂⊃-o-⊂⊃—ੴ

ਆਓ ਲਓ ਸੁਨੇਹਾ ਮੈਥੋਂ ਦੇਸ ਮੇਰੇ ਦੇ ਭਾਈਓ ਵੇ!
ਦਿਤਾ ਸੁਨੇਹਾ ਜੇਹੜਾ ਉਸਨੇ ਕਦੀ ਨਾ ਵੀਰ ਭਲਾਈਓ ਵੇ!
ਜਾਕੇ ਨਾਭੇ ਅੰਦਰ ਵੀਰੋ ਦੇਹਾਂ ਧਰਮ ਤੇ ਲਾਇਓ ਵੇ,
ਜ਼ੁਲਮ ਪਾਪ ਦੀ ਬੇੜੀ ਭਰਕੇ ਵਿਚ ਸਮੁੰਦ ਡੁਬਾਈਓ ਵੇ!
ਸੁਨਕੇ ਅਰਜ਼ ਆਜ਼ਾਦੀ ਵਾਲੀ ਦੇਣੀ ਮੂਲ ਵਿਸਾਰ ਨਹੀਂ,
ਨਹੀਂ ਤਾਂ ਯਾਦ ਰਖਣਾ ਵੀਰੋ ਲੈਹਣਾ ਸਿਰ ਤੋਂ ਭਾਰ ਨਹੀਂ!

—ਃ-⊂⊃-ਃ—

## ਜ਼ੁਲਮੀ ਤਲਵਾਰ

ਐ ਫਲਕ ਦਸ ਅਸਾਂ ਤਾਈਂ, ਕਰਸੇਂ ਕਦ ਤਕ ਖਵਾਰ ਵੋ?
ਧਕੇ ਦੇ ਦੇ ਦਰਦੀਆਂ ਨੂੰ, ਭਾਵੇਂ ਕਦ ਤਕ ਯਾਰ ਵੋ?

ਆਜਜ਼ਾਂ ਮਜ਼ਲੂਮਾਂ ਤਾਈਂ, ਦੇਕੇ ਦੁਖ ਕਤਲਾਏਂਗਾ?
ਰਾਜਿਆਂ ਨੂੰ ਰੰਕ ਕਰਕੇ, ਦਰ ਬਦਰ ਭਟਕਾਏਂਗਾ—
ਤੇਜ਼ ਕਰਕੇ ਹਾਇ ਜ਼ਾਲਮ, ਜ਼ੁਲਮ ਦੀ ਤਲਵਾਰ ਵੇ!
ਮਾਰ ਰਿਪੁਦਮਨ ਹਰੀ ਨੂੰ, ਕਢਸੇਂ ਜਿਗਰੋਂ ਪਾਰ ਵੇ?

——o-:- o -o-:——

ਮਖਮਲਾ ਤੇ ਅਤਲਸਾਂ ਸੀ, ਹੇਠ ਨੂੰ ਵਛਾਂਵਦੇ!
ਟੁਟੀ ਮੰਜੀ ਵੀ ਮਿਲੀ ਨਾ, ਧਰਤ ਤੇ ਸੌਂ ਜਾਂਵਦੇ!
ਰਾਣੀ ਸਣੇ ਟਿੱਕਾ ਸਾਹਿਬ, ਹੋਕੇ ਤਾਂ ਬੇਜ਼ਾਰ ਵੇ!
ਦਿੱਲ ਨ ਫਟਿਆ ਹਾਇ ਤੇਰਾ, ਬਨਿਉਂ ਨਾ ਗ਼ਮਖਾਰ ਵੇ!
ਵੇਖ ਜ਼ਾਲਮ ਬੀਬੀਆਂ ਤੇ, ਰਾਣੀਆਂ ਜੋ "ਫੂਲ" ਨੇ!
ਕੀਤੀ ਹੱਤਕ ਉਨਾਂ ਵਾਲੀ, ਪਾਪੀਆਂ ਪ੍ਰਤਿ ਕੂਲ ਨੇ!
ਹਾਇ ਐਪਰ ਤਕ ਨਾ ਤੂੰ, ਕੇਰੇ ਅੱਥਰ ਚਾਰ ਵੇ!
ਜ਼ਾਲਮਾਂ ਤੋਂ ਡਰਕੇ ਸਗੋਂ, ਪਾਇ ਤੂੰ ਅੰਗਿਆਰ ਵੇ!
ਵੇਖ ਅੜਿਆ ਪਤਾ ਹੋਸੀ, ਤੁਧ ਨੂੰ ਤ੍ਰੈ ਕਾਲ ਦਾ!
ਮਾਜੀ ਮੁਸਤਕਬਿਲ, ਵਾਲਾ ਤੇ ਜ਼ਮਾਨੇ ਹਾਲ ਦਾ!
ਵੇਖੀ ਦਸ ਖਾਂ ਤੁਧ ਹੀ ਕਦੀ, ਇਹੋ ਜਿਹੀ ਸਰਕਾਰ ਵੇ!
ਬਨਕੇ ਦੋਸਤ ਆਪ ਪੈਹਲਾਂ, ਫੇਰ ਕਰਦੀ ਖਵਾਰ ਵੇ!

——:-o-:——

ਆਪੋ ਵਿਚ ਜੇ ਲੜਨ ਭਾਈ, ਕਰਨ ਝਗੜਾ ਐ ਫ਼ਲਕ!
ਤੀਸਰਾ ਕਰਨ ਅਦਲ ਆਵੇ, ਫੈਸਲਾ ਦੇ ਦੇ ਨਝੱਕ!
ਫੈਸਲਾ ਕਰ ਏਕ ਸੰਦਾ, ਸਾਂਭ ਲੈ ਘਰ ਬਾਰ ਵੇ!
ਅਦਲ ਐਸਾ ਕਰਨ ਵਾਲਾ, ਵੇਖਿਆ ਦਸ ਯਾਰ ਵੇ!
ਨਾਲ ਧਮਕੀ ਏਕ ਤਾਈਂ, ਏਹ ਕੈਹ, ਫਿਰ ਗਲ ਜੀ?

ਛੇਤੀ ਕਰਕੇ ਪਿਆਰਿਆ ਹੁਣ, ਨਿਕਲ ਘਰ ਥੀਂ ਚਲ ਜੀ !
ਖੇਡ ਕਰ ਏਹ ਚਾਲ ਭਾਈ, ਘਰ ਥੀਂ ਕਢਦੇ ਬਾਹਰ ਵੋ !
ਐਹੋ ਜੇਹਾ ਯਾਰ ਵਿਚ, ਤੂੰ ਵੇਖਿਆ ਸੰਸਾਰ ਵੋ?

ਫ਼ਲਕ ਦਾ ਉਤਰ !

ਐਹੋ ਜਿਹਾ ਦੁਸ਼ਟ ਕੋਈ ਵੇਖਿਆ ਨਾ ਪਿਆਰਿਆ !
ਕੋਠੇ ਉਤੋਂ ਯਾਰ ਤਾਈਂ ਜਿਸ ਹੈ ਭੋਂ ਤੇ ਮਾਰਿਆ !
ਹੈ ਏਹੋ ਬਦਬਖਤ ਨੌਕਰਸ਼ਾਹੀ ਦੀ ਸਰਕਾਰ ਵੋ !
ਦੋਸਤਾਂ ਮਿਤਰਾਂ ਦੇ ਤਾਈਂ, ਕਰਦੀ ਜੋ ਹੈ ਖਵਾਰ ਵੋ !

ਖਾਲਸੇ ਦਾ ਫ਼ਰਜ਼ !

ਸੂਰਬੀਰ ਹੁਣ ਖਾਲਸਾ ਜੀ ਫਰਜ਼ ਏਹੋ ਆਪਦਾ !
ਗੁਰੂ ਸੰਦਾ ਘਰ ਜੋ ਵੀਰੋ, ਵਿਚ ਖਤਰੇ ਜਾਪਦਾ !
ਉਸ ਨੂੰ 'ਆਜ਼ਾਦ' ਕਰਵੌਣਾ ਹੈ ਲੌ ਦਿੱਲ ਧਾਰ ਵੋ !
ਤਨ ਤੇ ਮਨ, ਧਨ ਆਪਣੇ ਦੇ ਤਾਈਂ ਕਰ ਬਲਿਹਾਰ ਵੋ !

—o—

## ਆਹ ! ਪਾਪੀ ਦੁਸ਼ਟ ਸੱਯਾਦ ਨੇ ਤਾਣੀ ਤੀਰ ਕਮਾਨ ਜੀ !

ਐ ਕਰਮਾਂ ਮਾਰੀ ਬੁਲਬੁਲੇ ! ਕੀਹੋਇਆਅੜੀਏ ਹਾਲ ਨੀ ?
ਕੀ ਭਾਵੀ ਵਰਤੀ ਦਸ ਖਾਂ,ਕਿਓਂ ਦਿਸੇਂ ਅਜ ਬੇਹਾਲ ਨੀ ?
ਕਿਉਂ ਰੋ ਰੋ ਵੈਣ ਕਰੇਂਦੀਏਂ,ਮੈਨੂੰਦਸੀਂ ਹਾਲ ਉਤਾਲ ਨੀ ?
ਜਾਇਹਿਰਦਾ ਮੇਰਾ ਫਟਿਆ,ਦੇਦਿਲ ਵੇਹਾਲ ਉਛਾਲ ਨੀ ?

—o—

### ਉਤਰ

ਸੁਣ ਦਰਦੀ ! ਹਾਲ ਮੈਂ ਦਸਦੀ, ਏਹ ਵਰਤੀ ਮੇਰੇ ਭਾ

ਮੇਰੀ ਆਈ ਵੀਰ ਬਹਾਰ,ਸੀ ਮੈਂ ਕੀਤਾ ਵਡਾ ਚਾ ਵੇ!
ਮੈਂ ਚੈਹਕ ੨ ਕੇ ਗਈ ਸਾਂ, ਵਲ ਬਾਗ਼ ਦੇ ਕਦਮ ਉਠਾ ਵੇ!
ਉਥੇ ਦੀਦਨਾ ਪਾਕੇ ਯਾਰਦੀ, ਖ਼ੁਸ਼ ਹੋਈ ਸਾਂ ਜਫੀ ਪਾ ਵੇ!

——○——

ਮੈਂ ਵਾਰੇ ਉਸ ਤੋਂ ਗਈ ਸਾਂ, ਰੰਗ ਮਾਣੇ ਅੰਗ ਲਵਾ ਵੇ
ਵਾ ਰੁਮਕ ਰੁਮਕ ਸੀ ਚਲਦੀ, ਸੀ ਖ਼ੁਸ਼ੀਆਂ ਬੇ ਬਹਾ ਵੇ!
ਮੈਂ ਗਾ ਗਾ ਪਈਸੀ ਫੁਲਦੀ,ਦਿਲ ਅੰਦਰ ਸੀ ਉਤਸਾਹ ਵੇ!
ਏਹ ਮੇਰਾ ੈ ਸੀ ਹ ਲ ਜੀ, ਏਹ ਹੈ ਸੀ ਮੇਰਾ ਚਾ ਵੇ!

——○——

## ਹੁਣ

ਹਾਇ! ਕੇਲਕਰੇਂਦੀਮੁਝ ਤੇ,ਇਕਡਿਗੀ ਆਫਤ ਆਨ ਜੀ!
ਆਹ! ਪਾਪੀ ਦੁਸ਼ਟਸੱਯਾਦ ਨੇ,ਆ ਤਾਨੀ ਤੀਰ ਕਮਾਨ ਜੀ!
ਕੁਝ ਰੈਹਮ ਨਾ ਕੀਤਾ ਉਸਨੇ, ਖਿਚ ਮਾਰੇ ਮੈਨੂੰ ਬਾਨ ਸੀ!
ਮੈਂ ਪੁਠੀ ਹੋਕੇ ਡਿਗ ਪਈ, ਧਰ ਉਪਰ ਹੋ ਬੇਜਾਨ ਜੀ!

——○——

ਮੈਂ ਤੜਪਰਕੇ ਪਿਆਰਿਆ, ਅਜੇ ਦੇਂਦੀ ਸਾਹੀ ਪਰਾਨ ਜੀ!
ਕਿ ਪਕੜ ਬੇਦਾਦ ਸ਼ਤਾਬ ਹੋ,ਕਰ, ਬੰਦੀ ਦਿਤਾ ਜਾਨ ਜੀ!
ਸੀ ਕੀਤੀ ਹਾਲ ਦੁਹਾਈਮੈਂ,ਪਰ ਚਲਿਆਨਾ ਸੀ ਤਾਨ ਜੀ!
ਹਾਇਪਕੜਅਕੱਲੀ ਲੈਗਏ,ਮਿਰਾ ਕਿਨੇਨਾਕੀਤਾ ਤ੍ਰਾਨ ਜੀ!

——○——

## ਧੀਰਜ

ਨਾ ਰੋ ਰੋ ਹਾਲ ਵੰਵਾ ਨੀ, ਕਰ ਧੀਰਜ ਕਰਮਾਂ ਹਾਰੀ ਏ!
ਰਖ ਓਟਗੋਬਿੰਦਗੁਪਾਲ ਦੀ,ਜੋਕੁਲਦਾਵਾਲੀ ਪਿਆਰੀ ਏ!

ਕਰ ਬੇਨਤੀ ਦੋ ਕਰ ਜੋੜਕੇ ਉਹ ਲੈਸੀ ਆਨ ਸੰਭਾਰੀ ਏ !
ਉਹ ਆਪੇ ਸੋਧੂ ਦੁਸ਼ਟ ਨੂੰ, ਤੂੰ ਐਸੀ ਨਾ ਕਰ ਜ਼ਾਰੀਏ !

## "ਅਰਦਾਸ"

ਐ ਵਾਲੀ ਪਾਲੀ ਜਗਤ ਦੇ, ਆ ਲੈ ਦੁਖੀਆਂ ਦੀ ਸਾਰ ਹੁਣ !
ਆ ਰੁੜ੍ਹਦੀ ਤਾਈਂ ਰਖ ਲੈ, ਆ ਆਪਣਾ ਫਰਜ਼ ਸੰਭਾਰ ਹੁਣ !
ਮੈਂ ਵਿਚ ਤਲੀਂ ਦੀ ਤੇਲ ਦੇ, ਕਰ ਰੁੜ੍ਹਦੀ ਬੇੜੀ ਪਾਰ ਹੁਣ !
ਸ਼ੋਹ ਵਿਚ ਡੁਬੇਂਦੀ ਦੁਖੀ ਨੂੰ, ਲੈ ਸਾਹਿਬ ਜਲਦੀ ਤਾਰ ਹੁਣ !
ਕਰ ਜ਼ਾਲਮ ਤਾਈਂ ਗ਼ਰਕ ਜੀ, ਵਿਚ ਦੋਜ਼ਖ ਅਗਨੀ ਡਾਰ ਹੁਣ !
ਮੈਂ ਫਸੀ ਨੂੰ ਕਰ 'ਆਜ਼ਾਦ' ਦੇ, ਕਰ ਜਲਦੀ ਠੰਡੀ ਠਾਰ ਹੁਣ !

## ਆਓ ਸੀਸ ਸਵਰਾਜ ਤੋਂ ਵਾਰ ਦੇਈਏ !

ਐ ਖਾਲਸਾ ਗੁਰੂ ਦਸਮੇਸ ਜੀ ਦੇ,
ਹਾਲ ਆਪਣਾ ਵੇਖ ਬੇਦਾਰ ਹੋ ਕੇ !
ਕੁੱਲੀ ਕੁੱਲੀ ਸਦੀਂਵਦਾ ਹੈਂ ਜੱਗ ਵਿਚ,
ਕੌਮੀ ਆਨ ਵਾਲਾ ਤੇ ਸਰਦਾਰ ਹੋ ਕੇ !
ਧਕੇ ਖਾਂਵਦਾ ਫਿਰੇਂ ਜਹਾਨ ਅੰਦਰ,
ਸ਼ੇਰ ਬਬਰ ਹੋ ਕੇ ਅਣਖਦਾਰ ਹੋ ਕੇ !
ਪੂਟੇਂ ਅੱਖ ਨਾ ਏਲੀਆ ਘੂਕ ਸੌਂਤੇਂ,
ਆਲਸ ਧਾਰ ਕੇ ਨਰਮ ਰਫਤਾਰ ਹੋ ਕੇ !

—o—

ਧਰਮ! ਧਰਮ !! ਦੀ ਇਕ ਆਵਾਜ਼ ਸੁਣਕੇ,
ਸਿੱਖ ਲੀਗ ਵਲੋਂ ਮੂੰਹ ਮੋੜ ਬੈਠੋਂ !

ਹੋਮ ਰੂਲ ਸਿਵਰਾਜਜ ਦਾ ਖਿਆਲ ਤੱਜ ਕੇ,
ਅਪਣੀ ਆਸ ਉਮੈਦ ਨੂੰ ਤੋੜ ਬੈਠੋਂ !
ਹਾਲਤ ਨਾ ਵਿਚਾਰ ਕੇ ਕੌਮ ਵਾਲੀ,
ਘਰ ਦੇ ਕੰਮਾਂ ਵੱਨੀ ਪਾਸਾ ਜੋੜ ਬੈਠੋਂ !
ਹਾਇ ! ਸੋਚ ਤੋਂ ਮੂਲ ਨਾ ਕੰਮ ਲਿਆ,
ਬੇੜੀ ਵਿਚ ਸਾਗਰ ਭਾਈ ਬੋੜ ਏਠੋਂ !

—o—

ਕੀ ਧਰਮ ਤੇਰਾ ਨਹੀਂ ਜ਼ਰਾ ਦਸਦੇ,
ਰੱਬ ਦੇ ਬੰਦਿਆਂ ਨਾਲ ਪਿਆਰ ਕਰਨਾ?
ਰੁੜ੍ਹੇ ਜਾਂਦਿਆਂ ਤੇ ਧੱਕੇ ਖਾਂਦਿਆਂ ਤੇ,
ਦੀਨ ਦੁਖੀਆਂ ਉਤੇ ਉਪਕਾਰ ਕਰਨਾ?
ਦੰਡ ਦੇਵਣਾ ਜ਼ਾਲਮਾਂ ਪਾਪੀਆਂ ਨੂੰ,
ਧਰਮ ਦੇਸ ਦਾ ਠੀਕ ਸੁਧਾਰ ਕਰਨਾ !
ਭੈ ਦੇਵਣਾ ਲੈਵਣਾ ਕਿਸੇ ਤੋਂ ਨਾ,
ਆਕੜ ਵਾਲਿਆਂ ਨਾਲ ਨ ਪਿਆਰਕਰਨਾ !

—o—

ਜ਼ਰਾ ਦੱਸ ਖਾਂ ਖਾਲਸਾ ਆਪ ਤੂੰ ਹੀ,
ਕਿਸੇ ਦੁਖੀ ਦਾ ਦੁਖ ਗਵਾਇਆ ਤੂੰ ?
ਰੁੜ੍ਹੇ ਜਾਂਦੜੇ ਤੇ ਧਕੇ ਖਾਂਦੜੇ ਦਾ,
ਦਰਦੀ ਹੋ ਕੇ ਦਰਦ ਵੰਡਾਇਆ ਤੂੰ ?
ਦੰਡ ਦੇ ਕਿਸੇ ਜ਼ਾਲਮ ਨੀਚ ਤਾਈਂ,
ਦੁਖੀ ਦੀਨ ਮਜ਼ਲੂਮ ਬਚਾਇਆ ਤੂੰ ?
ਸੀਸ ਵਾਰਿਆ ਦੇਸ ਸਵਰਾਜ ਉਤੋਂ,
ਜ਼ੋਰਾਵਰਾਂ ਦਾ ਮੰਗ ਤਜਾਇਆ ਤੂੰ ?

ਤਕੀ ਦੁਰਦਸ਼ਾ ਨਾ ਆਪਣੀ ਕੌਮ ਵਾਲੀ,
ਤਕਿਆ ਜੱਬੱਜ ਦੇ ਘਾਟ ਦਾ ਕੈਹਰ ਨ ਤੂੰ?
ਜਲਿਆਂ ਵਾਲੇ ਦੀ ਕਰਬਲਾ ਨ ਤਕੀ,
ਤੱਕੇ ਮੂਲ ਨਨਕਾਣੇ ਦੇ ਬੈਹਰ ਨ ਤੂੰ!
ਗੁਰੂ ਬਾਗ਼ ਅੰਦਰ ਜੇਹੜੇ ਕੈਹਰ ਹੋਏ,
ਤੱਕੀ ਗ਼ਮਾਂ ਵਾਲੀ ਵੱਗਦੀ ਨੈਹਰ ਨ ਤੂੰ!
ਹਾਇ ਕੁਲ ਵਿਸਾਰ ਤੂੰ ਬੈਠ ਗਇਓਂ,
ਚਰਚਾ ਸੁਣੀ ਹੁੰਦੀ ਪਿੰਡ ਸ਼ੈਹਰ ਨ ਤੂੰ!

—o—

ਐ ਖਾਲਸਾ ਹੋਸ਼ ਸੰਭਾਲ ਰੱਤੀ,
ਹੁੰਦਾ ਹਾਲ ਕੀ ਤੇਰੇ ਪਿਆਰਿਆਂ ਦਾ?
ਸੜਦੇ ਜੇਹਲਾਂ ਦੇ ਵਿਚ ਨੇ ਬੀਰ ਤੇਰੇ,
ਮੰਦਾ ਹਾਲ ਹੈ ਤੇਰੇ ਦੁਲਾਰਿਆਂ ਦਾ!
ਕਫਨੀ ਗਲੀਂ ਪਾ ਕੇ ਚੱਕੀ ਪਏ ਪੀਂਹਦੇ,
ਖਿਆਲ ਛੱਡ ਕੇ ਮੈਹਲ ਚੁਬਾਰਿਆਂ ਦਾ!
ਇਕੋ ਲਿਲ੍ਹ ਸਿਵਰਾਜ ਦੀ ਫੜ ਲਈ ਏ,
ਵਾਹ ਵਾ ਪਿਆਰੇ ਹੈ ਤੇਰੇ ਸਤਾਰਿਆਂ ਦਾ!

—o—

ਯਾਦ ਆਂਵਦੇ ਪਿਛਲੇ ਹੈਨ ਸਾਕੇ,
ਕਰਨਲ ਸਮਿੱਥ ਨੇ ਮੂੰਹਾਂ ਤੇ ਥੁਕਿਆ ਸੀ!
ਬਿੱਲੀ, ਕੁੱਤੀ, ਸੂਰੀ, ਗੱਧੀ, ਆਖ ਕਰਕੇ,
ਘੁੰਡ ਭੈਣਾਂ ਦੇ ਮੂੰਹਾਂ ਤੋਂ ਚੁਕਿਆ ਸੀ!
ਡੰਡੇ ਮਾਰ ਕੇ ਢਿੱਡਾਂ ਦੇ ਭਾਰ ਤੋਰੇ,
ਬੈਂਤ ਮਾਰਨੋਂ ਮੂਲ ਨਾ ਰੁਕਿਆ ਸੀ!

ਕੀ ਪਰ ਉਪਕਾਰ ਨੇ ਇਹੋ ਦੱਸ ਖਾਂ,
ਕੀ ਅਜੇ ਵੀ ਕੰਮ ਨਾ ਮੁਕਿਆ ਈ ?

—o—

ਐਵੇਂ ਪਵੋ ਭਾਈ ਨਾਹੀਂ ਵਿਚ ਭੁੱਲਾਂ,
ਸਾਰੀ ਛੱਡ ਜ਼ਮਾਨੇ ਦੀ ਕਾਰ ਦੇਈਏ !
'ਸਿੱਖ ਲੀਗ' ਅੰਦਰ ਭਰਤੀ ਹੋ ਕਰਕੇ,
ਦੇਸ਼ ਧਰਮ ਦਾ ਕਰ ਸੁਧਾਰ ਦੇਈਏ !
ਜੁਟ ਜਾਵੀਏ ਲੀਗ ਦੇ ਕੰਮਾਂ ਅੰਦਰ,
ਹਾਲੀ ਘਰਾਂ ਨੂੰ ਜੰਦਰੇ ਮਾਰ ਦੇਈਏ !
ਭਾਰਤ ਮਾਤਾ ਦੇ ਕਰਨ 'ਆਜ਼ਾਦ' ਲਈ,
ਆਓ ਸੀਸ ਸਿਵਰਾਜ ਤੋਂ ਵਾਰ ਦੇਈਏ !

—o—

ਸਚੇ ਸਿੱਖ ਬੱਨ ਕੇ ਕਰੀਏ ਦੇਸ ਸੇਵਾ,
ਸਿੱਖ ਕੌਮ ਤਾਈਂ ਪਿਛੇ ਪਾਵਣਾ ਨਹੀਂ !
ਹੋਣਾ ਠੀਕ 'ਆਜ਼ਾਦ' ਤੇ ਸ਼ਾਦ ਕਦੀ,
ਸਦਾ ਅਸਾਂ ਗ਼ੁਲਾਮ ਸਦਾਵਣਾ ਨਹੀਂ !

—o—

**ਹੋਸੀ ਧਰਮ ਦੀ ਜਿੱਤ ਮੈਦਾਨ ਅੰਦਰ,**
**ਪਾਪ ਜ਼ੁਲਮ ਵਾਲਾ ਬੇੜਾ ਗ਼ਰਕ ਹੋਸੀ!**

ਏਸ ਸਮਝਿਆ ਪਾਪ ਦਾ ਇਵਜ਼ ਕੁਝ ਨਹੀਂ,
ਕਾਲੇ ਨਾਗ ਵਾਗੂੰ ਫੂਕਾਂ ਮਾਰਦਾ ਏ !
ਭੁਲ ਗਿਆ ਨਮਰੂਦ, ਫਰਓਨ, ਨਾਦਰ,
ਜਿਦੋਂ ਵਧਿਆ ਜਬਰ ਬਦਕਾਰ ਦਾ ਏ !

ਹਾ ਨਿਹੱਥਿਆਂ ਤੇ ਵੇਖੋ ਵਾਰ ਕਰ ਕੇ,
ਢੰਗ ਸਿੱਖਦੇ ਠੀਕ ਸ਼ਿਕਾਰ ਦਾ ਏ!
ਕਰਕੇ ਤੰਗ ਖ਼ੁਦਾ ਦੇ ਬੰਦਿਆਂ ਨੂੰ,
ਡਾਢੇ ਰੱਬਨੇ ਤਈਂ ਵੰਗਾਰਦਾ ਏ!

—o—

ਡਰੀਂ ਡਰੀਂ ਓ! ਪਾਪੀਆਂ ਹੋਸ਼ ਕਰੀਂ,
ਰੱਬ ਕਿਸੇ ਦਾ ਨਹੀਂ ਗਮਾਨ ਫੜਿਆ!
ਰਾਵਨ ਰਿਹਾ ਨਾ ਰਿਹਾ ਈ ਕੰਸ ਜ਼ਾਲਮ,
ਬਾਲੀ ਛਡਿਆ ਨਾ ਹਨੂੰਮਾਨ ਛਡਿਆ!
ਜਰਾ ਸਿੱਧ ਮੋਇਆ ਹਰਨਾਕਸ਼ਜ ਮੋਇਆ,
ਕਾਰੂ ਛਡਿਆ, ਨਾ ਸੁਲੇਮਾਨ ਛਡਿਆ!
ਤੇਰੇ ਜਹੇ ਏਥੇ ਭੁਲਾ ਚੀਜ਼ ਕੀ ਨੇ?
ਜਿਥੇ ਸਕਦੂੰ ਨਾ ਦਾਰਾ ਸੁਲਤਾਨ ਛ ਡਿਆ!

—o—

ਲੋਕੀ ਯਾਦ ਕਰਦੇ ਮੀਰ ਮਨੂੰ ਤਾਈਂ,
ਜਿਸ ਨੇ ਕਹਿਰ ਦੇ ਹੜ ਵਗਾਏ ਸੀਗੇ!
ਬੰਦ ਬੰਦ ਕਟੇ ਬੀਰ ਧਰਮੀਆਂ ਦੇ,
ਵਿਚ ਰੂੰ ਲਪੇਟ ਜਲਾਏ ਸੀਗੇ!
ਖੋਪਰ ਛਿੱਲ ਕਰਕੇ ਸਿੰਘਾਂ ਸੂਰਿਆਂ ਦੇ,
ਵਡੇ ਜ਼ੁਲਮ ਦੇ ਭੱਠ ਤਪਾਏ ਸੀਗੇ!
ਅੱਸੀ ਅੱਸੀ ਦਿਤੇ ਮੂਲ ਸਿਰਾਂ ਵਾਲੇ,
ਸਿੱਖ ਹੇਠ ਤਲਵਾਰ ਲੰਘਾਏ ਸੀਗੇ!

—਼਼—

ਐਪਰ ਓਸ ਜੱਲਾਦ ਦੀ ਨਸਲ ਯਾਰੋ,

ਵਿੱਚ ਏਸ ਜਹਾਨ ਦੇ ਲੱਭਸੀ ਨਾ ।
ਚਾਲੀ ਲੱਖ ਦਿੱਸਣ ਓਦੋਂ ਮਰਨ ਵਾਲੇ,
ਭਾਹ ਜਿਨ੍ਹਾਂ ਨੂੰ ਜ਼ੁਲਮ ਦੀ ਲੱਗਸੀ ਨਾ ।
ਤੇਰਾ ਜਾਬਰਾ ਜ਼ੋਰ ਤੇ ਜ਼ੁਲਮ ਹੁਣ ਤਾਂ,
ਏਸ ਖਾਲਸੇ ਦੇ ਤਾਈਂ ਚੱਭਸੀ ਨਾ ।
ਏਹ ਤਾਂ ਫਲਦੇ ਫੁਲਦੇ ਵਿਚ ਕਸ਼ਟਾਂ,
ਕੋਈ ਦੁਖ ਏਨ੍ਹਾਂ ਤਾਈਂ ਖੱਗਸੀ ਨਾ ।

—o—

ਜ਼ੋਰ ਜ਼ੁਲਮ ਵਾਲਾ ਪਾਪ ਜਬਰ ਵਾਲਾ,
ਬੇੜਾ ਵਿਚ ਸਮੁੰਦ ਦੇ ਡੁੱਬ ਜਾਸੀ ।
ਪਾਪੀ ਮਾਰਨੇ ਨੂੰ ਪਾਪ ਬਲੀ ਹੋ ਕੇ,
ਇਕ ਪਲਕ ਅੰਦਰ ਜਾਬਰ ਮਾਰ ਢਾਸੀ ।
ਦੇਣੇ ਪੈਣਗੇ ਇਵਜ਼ ਸਭ ਕੀਤੀਆਂ ਦੇ,
ਸਜ਼ਾ ਪਾਪ ਵਾਲੀ ਪਾਪੀ ਆਪ ਪਾਸੀ ।
ਧਰਮੀ ਅੰਤ ਨੂੰ ਠੀਕ ਬਹਾਰ ਲੈਸਨ,
ਵਗਿਆ ਖੂਨ ਸ਼ਹੀਦਾਂ ਦਾ ਰੰਗ ਲਾਸੀ ।

—o—

ਮਿਲੂ ਜਬਰ ਦੀ ਸਜ਼ਾ ਦਰਗਾਹ ਅੰਦਰ,
ਜਿਸਮ ਜਾਬਰਾਂ ਦਾ ਅਰਕ ਅਰਕ ਹੋਸੀ ।
ਪੈ ਕਾਲ ਦੀ ਉਖਲੀ ਸੈਹਣ ਮੋਹਲ੍ਹੇ,
ਵਾਸਾ ਜ਼ਾਲਮਾਂ ਦਾ ਵਿਚ ਨਰਕ ਹੋਸੀ ।
ਸੁਖੀ ਨਾਲ ਵਸਣ ਧਰਮੀ ਮਰਦ ਪੂਰੇ,
ਭਾਰ ਦੂਜਿਆਂ ਦਾ ਸਿਰ ਤੋਂ ਭਰਕ ਹੋਸੀ ।
ਹੋਸੀ ਧਰਮ ਦੀ ਜਿੱਤ ਮੈਦਾਨ ਅੰਦਰ,

ਪਾਪ ਜ਼ੁਲਮ ਵਾਲਾ ਬੇੜਾ ਗ਼ਰਕ ਹੋਸੀ !

—o—

ਨੌਕਰਸ਼ਾਹੀਏ ਮਾਨ ਚੁ ਮੱਤੀਏ ਨੀ,
ਹੋਸ਼ ਕਰ ਸੱਤਾ ਨਾ ਬੰਦਿਆਂ ਨੂੰ !
'ਹੱਕ' ਖੋਹ ਬੇਗਾਨੜੇ ਹਜ਼ਮ ਨਾ ਕਰ,
ਛੱਡ ਭੈੜੀਏ ਗੰਦਿਆਂ ਧੰਦਿਆਂ ਨੂੰ
ਪਾਪ ਕਰਨਾ ਜ਼ਬਰ ਤੋਂ ਕੰਮ ਲੈਣਾ,
ਹੁਣ ਤਰਕ ਕਰ ਡੈਣੇ ਕੰਮਾਂ ਮੰਦਿਆਂ ਨੂੰ !
ਡੇਰੇ ਦੇਸ ਬਗਾਨੜੇ ਲਾ ਨਾਹੀਂ,
ਮਾਰ ਨਾ ਏਥੇ ਆਪਣੇ ਜੰਦਿਆਂ ਨੂੰ !
ਨਾਭੇ ਜਿਹਾਂ ਨੂੰ ਆਪੇ 'ਆਜ਼ਾਦ' ਕਰਦੇ,
ਨਹੀਂ ਫੇਰ ਵੇਖੀਂ ਪਛੋਤਾਵਸੇਂਗੀ !
ਸ਼ਾਂਤਮਈ ਵਾਲੇ ਸਾਡੇ ਜੰਗ ਅੰਦਰ,
ਗੁਰੂ ਬਾਗ਼ ਵਾਂਗੂੰ ਹਾਰ ਖਾਵਸੇਂਗੀ !

—o—

## "ਨਾਭੇ ਜਹੇ ਧਰਮੀ ਰਾਜਗਾਨ ਕਿਥੇ ?"

ਭਾਰਤ ਵਰਸ਼ ਸੁਹਾਵਣਾ ਬਾਗ ਪਿਆਰਾ,
ਹਾਏ ! ਉਜੜਿਆ ਏਹ ਗੁਲਿਸਤਾਨ ਕਿਥੇ ?
ਕਿਥੇ ਅੰਬ, ਅਨਾਰ, ਤੇ ਦਾਖ, ਕੇਲਾ,
ਸੇਬ ਅਤੇ ਅੰਗੂਰ ਸੋਹਾਨ ਕਿਥੇ ?
ਚੰਬੇ ਅਤੇ ਰਵੇਲ ਦੀ ਮੈਹਕ ਕਿਥੇ,
ਬੁੱਲ ਬੁੱਲ ਬਾਗ਼ ਦੇ ਰਾਗ ਸੁਨਾਨ ਕਿਥੇ ?
"ਫੁੱਲ" ਕੰਵਲ ਕਿਥੇ ਕਰਦੇ ਅਮਲ ਕਿਥੇ,

ਭੌਰੇ ਯਾਰ ਤੋਂ ਦੇਣ ਪਰਾਨ ਕਿਥੇ ?

ਆਈ ਰੁਤ ਖਿਜ਼ਾਂ ਦੀ ਡੈਣ ਜ਼ਾਲਮ,
ਦਸੋ ਫੇਰ ਬਾਹਾਰੀ ਸਮਿਆਨ ਕਿਥੇ ?
ਰਾਗ ਰੰਗ ਕਿਥੇ ਸਾਕ ਸੰਗ ਕਿਥੇ,
ਯਾਰ ਬੈਠਕੇ ਮੈਹਫਲਾਂ ਲਾਨ ਕਿਥੇ ?
ਹਾਥੀ ਮਹਿਕਦੀ ਵੜੇ ਗੁਲਜ਼ਾਰ ਅੰਦਰ,
ਦਸੋ ਫੇਰ ਉਸ ਚਮਨ ਦੇ ਸ਼ਾਨ ਕਿਥੇ ?
ਬਾਂਨਰ ਆਨ ਬਦੋ ਬਦੀ ਜੱਜ ਬਨਿਆ,
ਫੇਰ ਬਿੱਲੀਆਂ ਰੋਟੀਆਂ ਖਾਨ ਕਿਥੇ ?

ਏਵੇਂ ਮਹਿਕਦੇ ਹਿੰਦ ਦੇ ਚਮਨ ਅੰਦਰ,
ਜ਼ਾਲਮ ਆਣ ਘੁਸੇ ਰਹਿਣੀ ਜਾਨ ਕਿਥੇ ?
ਭਲਾ ਸ਼ਾਨ ਕਿਥੇ ਆਨ ਮਾਨ ਕਿਥੇ,
ਇੰਗਲਸਤਾਨ ਕਿਥੇ ਹਿੰਦੋਸਤਾਨ ਕਿਥੇ ?
ਪਾਟੋ ਪਾਟ ਹੋਵੇ ਪਈ ਘਰ ਅੰਦਰ,
ਘਰ ਵਸ ਪਏ ਓਹ ਨਾਦਾਨ ਕਿਥੇ ?
ਏਹ ਸਿੱਖ ਆਹਾ ਏਹ ਹੈ ਬ੍ਰਾਹਮਣ,
ਹਿੰਦੂ ਨਾਲ ਵਰਤੇ ਮੁਸਲਮਾਨ ਕਿਥੇ ?

ਕਾਇਰ ਹੋਣ ਪੈਦਾ ਜਿਸ ਮੁਲਕ ਅੰਦਰ,
ਉਸ ਮੁਲਕ ਦੇ ਭਾਗ ਮਹਾਨ ਕਿਥੇ ?
ਸਾਡੇ ਭਾਗ ਮਥੇ ਵਾਲੇ ਫੁਟ ਗਏ,
ਗਏ ਦੇਸ ਦੇ ਹਾਏ ! ਬਲਵਾਨ ਕਿਥੇ ?

ਕਿਥੇ ਕਰਨ ਯੋਧਾ ਕਿਥੇ ਬੀਰ ਅਰਜਨ,
ਰਾਮ ਚੰਦ ਕਿਥੇ ? ਹਨੂਮਾਨ ਕਿਥੇ ?
ਸਣੇ ਜ਼ਾਲਮਾ ਦੇ ਜ਼ੁਲਮ ਮੇਟ ਦੇਵੇ,
ਬੰਸੀ ਵਾਲੜਾ ਗੋਪ ਦਾ ਕਾਨ੍ਹ ਕਿਥੇ ?

---

ਸਾਡੀ ਦੇਸ਼ ਚੋ ਬੀਰਤਾ ਗੁਮ ਹੋ ਗਈ,
ਯਾਰੋ ਲਭੀਏ ਭੀਮ ਦਾ ਤ੍ਰਾਨ ਕਿਥੇ ?
ਹਰੀ ਸਿੰਘ ਕਿਥੇ ਦੀਪ ਸਿੰਘ ਕਿਥੇ,
ਫੂਲਾ ਸਿੰਘ ਜੀ ਹੱਥ ਦਖਾਨ ਕਿਥੇ ?
ਸਾਡੀ ਗ਼ਰਜ ਕਿਥੇ ਸਾਡੀ ਤੁਪਕ ਕਿਥੇ,
ਸਾਡੇ ਤੀਰ ਤੇ ਗਏ ਕਮਾਨ ਕਿਥੇ ?
ਸਾਡੀ ਤੇਗ਼ ਕੱਟਾਰ ਨਾ ਖੰਜਰ ਦਿਸੇ,
ਹਾਇ ! ਗਾਤਰੇ ਵਿਚ ਕ੍ਰਿਪਾਨ ਕਿਥੇ ?

---

ਕਿਥੇ ਤਖਤ ਸਾਡੇ ਨਾਲੇ ਬਖਤ ਸਾਡੇ,
ਸਾਡੇ ਝੂਲਦੇ ਗਏ ਨਿਸ਼ਾਨ ਕਿਥੇ ?
ਕਿਥੇ ਬੀਰ ਯੋਧੇ ਕਿਥੇ ਧੀਰ ਧਰਮੀ,
ਮਨੀ ਸਿੰਘ ਜਹੇ ਦਯਾਵਾਨ ਕਿਥੇ ?
ਕਿਥੇ ਸਿੰਘ ਤਾਰੂ ਕਿਥੇ ਬੀਰ ਸੁੱਖਾ,
ਮਤੀ ਦਾਸ ਜੀ ਜਿਸਮ ਚਰਾਨ ਕਿਥੇ ?
ਕਿਥੇ 'ਸ੍ਰੀ ਦਸਮੇਸ' ਦੇ ਤੀਰ ਖ਼ੂਨੀ,
ਮਾਰ ਜ਼ਾਲਮਾਂ ਕਰਨ ਵੈਰਾਨ ਕਿਥੇ ?

---

ਅੱਜ ਬੀਰ ਜੇ ਸਿੰਘ ਮਹਿਤਾਬ ਹੁੰਦੇ,

ਜ਼ਾਲਮ ਅਸਾਂ ਤਾਈਂ ਭੁੰਨ ਖਾਨ ਕਿਥੇ ?
ਗੁਰੂ ਬਾਗ਼ ਅੰਦਰ ਸਾਨੂੰ ਜਾਂਦਿਆਂ ਨੂੰ,
ਬੀਰੀ ਜਹੇ ਕਾਇਰ ਫੜ ਵਾਨ ਕਿਥੇ ?
ਤਖਤੋਂ ਜੁਦਾ ਕਰਕੇ ਸਾਡੇ ਤਾਜ ਤਾਈਂ,
ਹਾਇ ! ਕਹਿਰ ਦੇ ਹੜ੍ਹ ਵਗਾਨ ਕਿਥੇ ?
ਸਾਡੇ ਹੁੰਦਿਆਂ ਸ੍ਰੀ ਰਿਪੁਦਮਨ ਸਿੰਘ ਜੀ,
ਨਾਭੇ ਜਹੇ ਧਰਮੀ ਰਾਜਗਾਨ ਕਿਥੇ ?

—o—

ਫੁਲ ਬੰਸ ਦੇ ਟੈਹਕਦੇ ਫੁਲ ਤਾਈਂ,
ਤੋੜ ਲੈਣ ਤੇ ਕਰਨ ਵੈਰਾਨ ਕਿਥੇ ?
ਤਖਤ ਖੋਹ ਕਰਕੇ ਬਖਤ ਖੋਹ ਕਰਕੇ,
ਜ਼ਾਲਮ ਚੱਮ ਦੇ ਦੱਮ ਚਲਾਨ ਕਿਥੇ ?
ਮਹਿਲ ਮਾੜੀਆਂ ਰੰਗ ਸਵਾਰੀਆਂ ਨੂੰ,
ਪਾਪੀ ਚੁਰਟਾਂ ਦੇ ਧੂਏਂ ਉੜਾਨ ਕਿਥੇ ?
ਕਰਨ ਫੈਸਲੇ ਦੇ ਤਾਈਂ 'ਆਜ਼ਾਦ' ਕਿਉਂ ਨ,
ਬੀਰ ਖਾਲਸਾ ਮੁਖ ਜ਼ਬਾਨ ਕਿਥੇ ?

॥ ਸਾਡੀ ਬਰਤਾ ॥

ਆਹ ! ਧਰਮ ਸਾਡਾ ਨਾਲੇ ਕਰਮ ਸਾਡਾ,
ਨਾਲੇ ਸ਼ਰਮ ਦੇ ਗਿਆ ਓਹ ਤਾਨ ਕਿੱਧਰ ?
ਸਾਡੀ ਆਨ ਗਈ ਸ਼ਾਨ ਮਾਨ ਗਈ,
ਸੂਰੇ ਲੱਭੀਏ ਓਹ ਅਣਖ ਵਾਨ ਕਿੱਧਰ ?
ਜੇਹੜੇ ਦੇਣ ਪਰਾਣ ਅਪਮਾਨ ਉਤੇ,
ਗਏ ਸੂਰਮੇ ਕਰ ਚਲਾਨ ਕਿੱਧਰ ?
ਖੂਨ ਪੀਣ ਵਾਲੇ ਜ਼ਾਲਮ ਜਾਬਰਾਂ ਦੇ,

### ਦੀਪ ਸਿੰਘ ਜੀ ਚੌਕੜੀ ਲਾਨ ਕਿੱਧਰ ?

ਵੇਸੋਂ ਜਾਂਦੀਆਂ ਨਾਰੀਆਂ ਸੁਣ ਕਰ ੇ,
ਜੇਹੜੇ ਆਪਣਾ ਆਪ ਕੁਰਬਾਨ ਕਰਕੇ !
ਖੰਡੇ ਸਾਰ ਦੇ ਖਿੱਚ ਕੇ ਜ਼ਾਲਮਾਂ ਤੇ,
ਕੀਤੇ ਪਾਪ ਦਾ ਮਜ਼ਾ ਚਖਾਨ ਫੜਕੇ !
ਮਾਰ ਮਾਰ ਕੇ ਅਲਖ ਮੁਕਾ ਦੇਸਨ,
ਦੁਸ਼ਟਾਂ ਦੋਖੀਆਂ ਤਾਈਂ ਪੁਚਾਨ ਨਰਕੇ
ਹਾਇ ! ਲੱਭਦੇ ਨਾ ਦਯਾਵਾਨ ਸੂਰੇ,
ਨਾਮ ਜਿਨ੍ਹਾਂ ਦਾ ਲੈ ਯਾਕਸਤਾਨ ਯਰਕੇ !

—o—

ਐ ਖਾਲਸਾ ਬੀਰ ਬਹਾਦਰੋ ਜੀ,
ਤੁਸੀ ਉਨ੍ਹਾਂ ਦੀ ਹੋ ਔਲਾਦ ਸਾਰੇ !
ਜਿਨ੍ਹਾਂ ਧਰਮ ਉਤੇ ਸੀਸ ਲਾ ਦਿਤੇ,
ਅੱਜ ਤਕ ਲੋਕੀ ਕਰਦੇ ਯਾਦ ਸਾਰੇ !
ਜਾਨ ਹੀਲ ਛੁਡਾ ਲਈਆਂ ਸੀਗ ਬੰਦਾਂ,
ਕਰਦੇ ਧਰਮ ਉਤੋਂ ਸਿੰਘ ਨਾਦ ਸਾਰੇ !
ਸੀਸ ਆਰਿਆਂ ਨਾਲ ਚਰਵਾਂਵਦੇ ਸਨ,
ਖੁਸ਼ੀ ਹੋਵਦੇ ਵੇਖ ਜੱਲਾਦ ਸਾਰੇ !

—o—

ਔਰਤ ਜਾਤ ਦੀ ਤੱਕ ਬੇ ਅੱਦਬੀ ਨੂੰ,
ਸੂਰੇ ਸਕਦੇ ਨਾ ਸਹਾਰ ਸੀਗੇ !
ਹੱਥ ਰੱਖ ਲੈਂਦੇ ਉਤੇ ਕਬਜਿਆਂ ਦੇ;
ਮਾਰ ਜਾਬਰਾਂ ਨੂੰ ਕਰਦੇ ਪਾਰ ਸੀਗੇ !

ਧੰਨ ਧਾਮ ਲੁਟਾਂਵਦੇ ਏਸ ਕਰਨੇ,
ਨਾਲ ਦੇਸ਼ ਕਰਦੇ ਡੂੰਗਾ ਪਿਆਰ ਸੀਗੇ।
ਖੁਸ਼ੀ ਹੋ ਕੇ ਚਰਖੀਆਂ ਚੜ੍ਹ ਜਾਂਦੇ,
ਜਾਨ ਦੇਵਣੋਂ ਨਾ ਕਰਦੇ ਆਰ ਸੀਗੇ।

—o—

ਹਾਇ। ਏਹ ਸਮੇ ਸਾਈਆਂ ਆਵਣੇ ਸਨ,
ਰਾਜੇ ਰੰਕ ਹੋ ਬਨ ਕੰਗਾਲ ਜਾਵਨ।
ਆਨ ਮਾਨ ਵਾਲੇ ਸ਼ਾਨ ਤਾਣ ਵਾਲੇ,
ਇਕ ਪਲਕ ਚੁ ਬਨ ਸ਼ਗਾਲ ਜਾਵਨ।
ਅੰਗ ਜਿਨਾਂ ਸੀ ਫਰਕਦੇ ਵੇਖ ਗੈਰਤ,
ਮੋਨ ਧਾਰ ਓਹ ਬਨ ਚਰਵਾਲ ਜਾਵਨ।
ਅਸਮਤ ਦਰੀ ਹੋਵੇ ਅਪਨੀ ਐਰਤਾਂ ਦੀ,
ਐਪਰ ਬਨ ਪਾਜੀ ਚੁਪ ਨਾਲ ਜਾਵਨ।

—ੰ-)(-ੰ—

ਫੂਲ ਰਾਣੀਆਂ ਦੀ ਨਾਲੇ ਬੀਬੀਆਂ ਦੀ,
ਮਿਨਚਨ ਜਹੇ ਪਾਪੀ ਕਰਨ ਅਜ ਹਾਨੀ।
ਵਜੇ ਜਾਇ ਕਾਤੀ ਕਿਓਂ ਨਾ ਫੂਲ ਦੀ ਓਹ,
ਤੀਰ ਵਾਂਗ ਹੋਕੇ ਯਾਰੋ ਇਹ ਕਾਨੀ।
ਚੁਪ ਸਾਧ ਛਡੇ ਪਟਲੇਸ਼ਵਰ ਜੇ,
ਮੁਰਦੇ ਜੀਉਂਦੇ ਵਿਚ ਕੀ ਫਰਕ ਜਾਨੀ।
ਜਿੰਦਾ ਗੋਰ ਅੰਦਰ ਵਾਸ ਓਸ ਸੰਦੀ,
ਦਿਸੇ ਵਸਦੀ ਜੋ ਯਾਰੋ ਰਾਜ ਧਾਨੀ।

—o—o—

ਐ ਪੰਥ। ਗੈਰਤ ਨਾ ਸੀ ਓਸ ਤਾਈਂ,

ਔਧਰ ਤੂੰ ਕਿਉਂ ਮਨੋ ਵਸਾਰ ਛਡਿਆ!
ਅਪਨੇ ਫਰਜ਼ ਦੇ ਤਾਂਈਂ ਕਿਉਂ ਟਾਰ ਛਡਿਆ,
ਲਾ ਸਿਰੋ ਪੰਥ ਕਿਉਂ ਨਾ ਭਾਰ ਛਡਿਆ!
ਨਿਰੇ ਮਤਿਆਂ ਵਿਚ ਹੀ ਕੰਮ ਰਖਿਆ,
ਅਮਲੀ ਕੰਮ ਵਲੋਂ ਪਾਸਾ ਮਾਰ ਛਡਿਆ!
ਥਾਂ ਥਾਂ ਤੋਂ ਉਠਿਆ ਨ ਧੂਆਂ,
ਰੇਜ਼ੂਲੇਸ਼ਨਾਂ ਵਿੱਚ ਫਰਜ਼ ਟਾਰ ਛਡਿਆ!

—o—

ਉਠ! ਹੋ ਖਾਂ ਝਬ ਤਿਆਰ ਅੜਿਆ,
ਦੁਖੀ ਦਰਦੀਆਂ ਦਾ ਦਰਦ ਦੂਰ ਕਰਦੇ!
ਸ਼ਾਂਤਮਈ ਦਾ ਮੋਰਚਾ ਲਾ ਕਰਕੇ,
ਜ਼ਾਲਮ ਜਾਬਰਾਂ ਨੂੰ ਚਕਨਾ ਚੂਰ ਕਰਦੇ!
"ਭੂਲ ਬਣੀਆਂ" ਦੀ ਖਵਾਰੀ ਸੌਹਨਾ ਹੁਣ,
ਫਰਜ਼ ਆਪਨਾ ਤੂੰ ਪੂਰਾ ਸੂਰ ਕਰਦੇ!
ਜ਼ਿੰਦਾ ਰਹੂ ਏਹ ਮੋਰਚਾ ਜਗ ਉਤੇ,
ਜੇਕਰ ਆਪ ਨੂੰ ਭੇਦ ਤਨੂਰ ਕਰਦੇ!
ਸੋਚਾਂ ਕਰਨ ਦਾ ਮੌਕਿਆ ਲੰਘ ਗਿਆ,
ਉਠ ਹੋ ਤੇ ਜਲਦ ਤਿਆਰ ਅੜਿਆ!
ਬੁਲਬੁਲ ਫਸੀ ਨੂੰ ਕਰ ਆਜ਼ਾਦ ਛੇਤੀ,
ਕਰਕੇ ਆਪਣਾ ਆਪ ਬਲਿਹਾਰ ਅੜਿਆ!

—o—

## 'ਪਤੰਗ' ਅਤੇ 'ਸ਼ਮਾਂ'

ਕਿਸੇ ਪੁਛਿਆ ਸ਼ਮਾਂ ਨੂੰ ਦਸ ਅੜੀਏ,

ਤੇਰਾ ਨਾਲ ਪਤੰਗ ਪਿਆਰ ਕਾਹਦਾ?
ਆਵੇ ਦਰ ਤੇਰੇ ਝੂਮ ਝੂਮ ਓਹ ਤਾਂ,
ਸਾੜੇਂ ਓਸਨੂੰ ਤੂੰ ਦਿਲਦਾਰ ਕਾਹਦਾ?
ਓਹ ਬਲ ਨਮਾਨਣਾ ਦਰ ਆਵੇ,
ਦੇਵੇਂ ਅੰਗ ਜਲਾ ਤੂੰ ਯਾਰ ਕਾਹਦਾ?
ਐਪਰ ਆਪਣੇ ਦਰਦ ਨਾ ਆਬੇ ਤੈਨੂੰ,
ਓਹਨੂੰ ਦੇ ਜਲਾ ਗਮਖ੍ਵਾਰ ਕਾਹਦਾ?
ਏਹ ਸੁਣ ਕੇ ਸ਼ਮਾਂ ਜਵਾਬ ਦੇਵੇ,
ਸੁਣੀ ਬੇਲੀਆ ਜਰਾ ਧਿਆਨ ਕਰਕੇ!
ਸਿਕ ਮਿਲਨ ਸੰਦੀ ਬੇਸ਼ਕ ਹੈ ਮੈਨੂੰ,
ਕਰਦੀ ਪਿਆਰ ਮੈਂ ਆਪਣਾ ਜਾਨ ਕਰਕੇ!
ਮੇਰੇ ਦਰਸ ਦੀ ਪਰਸ ਕਮਾਲ ਉਸਨੂੰ,
ਆਨ ਪੌਂਵਦਾ ਆਪਾ ਕੁਰਬਾਨ ਕਰਕੇ!
ਜਾਣ ਬੁਝਕੇ ਜਾਨ ਵੰਞਾਨ ਆਸ਼ਕ,
ਸੋ ਫਰਜ਼ ਨੂੰ ਪਾਲਦਾ ਆਨ ਕਰਕੇ!

—o—

ਔਖੀ ਰੀਤ ਪ੍ਰੀਤ ਦੇ ਪਾਲਣੇ ਦੀ,
ਫੋਲ ਵੇਖ ਕਿਤਾਬੜੀ ਇਸ਼ਕ ਵਾਲੀ!
ਗਲੀ ਜਾਵਣਾ ਯਾਰ ਦੀ ਖਰਾ ਔਖਾ,
ਸੌਖਾ ਨਹੀਂ ਘੁਮਾਵਣਾ ਸੀਸ ਹਾਲੀ!
ਸੁਤਾ ਸ਼ੇਰ ਜਗਾਵਣਾ ਟੁੰਬ ਅੱਡੀਆਂ,
ਇਸ਼ਕ ਲਾਵਣਾ ਪੀਵਣਾ ਜ਼ਹਿਰ ਪਿਆਲੀ!
ਮੰਗੇ ਸੀਸ ਦੀ ਫੀਸ ਜੋ ਯਾਰ ਪਿਆਰਾ,
ਫਿਲ ਪਲੋਂ ਨਾ ਮੂਲ ਅਸੂਲ ਭਾਲੀ!

ਹੱਸ ਹੱਸ ਕੇ ਸੀਸ ਘੁਮਾਨ ਆਸ਼ਕ,
ਪ੍ਰੀਤ ਪਾਇਕੇ ਤੋੜ ਚੜ੍ਹਾਂਵਦੇ ਨੇ।
ਚੜ੍ਹਨ ਸੂਲੀਆਂ ਤੇ ਪਿਆਰੇ ਯਾਰ ਕਾਰਨ,
ਅਨਲਹਕ ਮਨਸੂਰ ਅਲਾਂਵਦੇ ਨੇ।

—o—

"੧ ਵਿਸਾਖ ੧੭੫੬ ਬਿਕ੍ਰਮੀ ਦਾ ਸੋਹਣਾ ਦਿਹਾੜਾ"

## ॥ ਖੜਗਧਾਰੀ ਦਾ ਅਸਚਰਜ ਕੌਤਕ ॥

( ਕਬਿਤ )

ਆਜ ਗੁਰਦੇਵ ਦਸਮੇਸ ਕ੍ਰਿਪਾਨ ਕਾਢ,
ਊਪਰ ਸਿੰਘਾਸਨ ਦੇ ਲੱਗੇ ਦਿਖਰਾਵਨੇ।
ਕੇਸ ਅਸਥਾਨ ਪਰ ਸਜਿਆ ਦੀਵਾਨ ਭਾਰਾ,
ਸੰਗਤ ਅਥਾਹ ਗੁਰੂ ਲੱਗੇ ਫੁਰਮਾਵਨੇ।
ਧਰਮਹੂੰਕੀ ਧੁਜਾਆਜਜਾਂਵਦੀਹੈ ਗਿਰੀ ਭਾਈਓ।
ਚਾਵਤ ਹੈ ਹਮ ਇਸੇ ਊਪਰ ਊਠਾਵਨੇ।
ਏਸ ਕਾਰ ਹਿਤ ਸੀਸ ਲਾਗਤ ਵਸ਼ੇਸ਼ ਹੈਨ,
ਆਓ ਜਿਸ ਜਸ ਹੈਨ ਵਡੇ ਵਡੇ ਪਾਵਨੇ।

—o—

ਦੁਸ਼ਟ ਮਹਾਨ ਦੁਖ ਦੇਵਤ ਜਹਾਨ ਵਿਚ,
ਧਰਮੀਓਂ ਬੁਜ਼ੁਰਗੋ ਕੋ ਬਾਂਧ ਬਾਂਧ ਮਾਰਤੇ।
ਸੰਤਨ ਮਹੰਤਨ ਕੀ ਹੋਵਤੀ ਬੇਅਦਬੀ ਹੈ,
ਜ਼ਾਲਮ ਨ੍ਰੇਸ਼ ਪਏ ਰਯਤ ਸੰਘਾਰਤੇ।
ਹਾਹਾਕਾਰ ਮਿੱਚ ਰਹੀ ਜਹਾਨ ਵਿਚ ਸ਼ੋਕਵੰਤ,
ਦੁਸ਼ਟ ਮਹਾਨ ਪਏ ਕੈਹਰ ਨੇ ਗੁਜ਼ਾਰਤੇ।

ਇਸ ਦਾ ਉਪਾਓ ਇਕ ਏਹੋ ਹੈ ਪਯਾਰੇ ਸਿਖੋ,
ਆਓ ਸੀਸ ਦਿਓ ਹੱਮ ਮੁਖ ਥੀਂ ਪੁਕਾਰਤੇ।

—o—

ਸ੍ਰੀ ਦਦਮੇਸ ਤਬੇ ਬੋਲਤ ਮਹਾਨ ਉਚੀ,
ਕੈਹਨ ਤੁਸੀ ਆਓ ਕਿਓਂ ਦੇਰਹੈ ਲਗਾਈਜੀ।
ਪਾਜੀ ਬਨ ਗੀਦੜੋ ਕੀ ਤਰਹ ਦੁਮਚੱਡੀ ਦਿਓ,
ਮੌਤ ਦਾ ਪਿਆਮ ਸੁਣ ਛਾਈ ਜ਼ਰਦਾਈਜੀ।
ਐਸੀਸੁਣੀ ਬੱਤੀਆਂ ਮਹਾਨ ਸ੍ਰੀ ਮੁਖ ਤਾਂ ਜਾਂ,
ਉਠੇ ਦਯਾ ਰਾਮ ਏਹੋ ਅਰਜ ਅਲਾਈਜੀ।
ਤ੍ਰਾਹ ਤ੍ਰਾਹ ਚਰਨ ਸ਼ਰਨ ਗੁਰਦੇਵ ਰਾਖੋ,
ਤੇਰੇਹੀ ਈਮਾਨ ਜਾਨ ਤੇਰੋ ਸ਼ਰਨਾਈਜੀ।
ਤਬੇ ਦਸਮੇਸ ਆਨ ਦਯਾ ਰਾਮ ਤਾਈ ਫੜ,
ਖੈਂਚਤ ਖੈਂਚਤ ਲੈ ਗਏ ਤੰਬੂ ਕੇ ਮਝਾਰਜੀ।
ਮਾਰ ਤਲਵਾਰ ਸੀਸ ਵਢ ਕੰਮ ਪਾਰਕੀਓ,
ਝੱਬ ਆਏ ਬਾਹਰ ਫੜ ਉਹੀ ਤਰਵਾਰਜੀ।
ਖੂਨ ਭਿਨੀ ਖੜਗ ਜਬ ਸੰਗਤਨੇ ਦੇਖੀਭਾਈ,
ਹੋਈ ਆ ਹੈਰਾਨ ਵੇਖ ਖੜਗ ਗ਼ੁਲਨਾਰ ਜੀ।
ਭਜੀ ਆ ਲੁਕਾਈ ਸੀ ਕੜਾਹਦੀਜੋਯਾਰਭਾਈ,
ਆਨ ਗੁਰਰਾਈ ਬੋਲ ਉਠੇ ਬਲ ਧਾਰਜੀ।
ਕਾਢ ਕ੍ਰਿਪਾਨ ਫੇਰ ਗੁਰ ਜਬ ਆਏ ਪੁਨੇ,
ਬੋਲਤ ਅਪਾਰ ਕੈਹਨਲਗੇ ਸਿਖੋ ਆਓ ਖਾਂ।
ਆਓ ਅਜਮਓ ਚੰਡੀ ਤਾਂਈਂ ਪਾਓ ਫਲਚਾਰ,
ਹੇਠ ਤਲਵਾਰ ਸੀਸ ਆਪਣੇ ਲੰਘਾਓ ਖਾਂ।
ਭ੍ਰਾਰਤ ਪਿਆਰੀ ਮਹਿਤਾਰੀ ਮੰਗੇ ਸੀਸ ਭੇਟ,

ਪਿਆਰੀਦੁਖਯਾਰੀ ਤਾਈਂ ਬਚੀ ਬਚਾਓ ਖਾਂ !
ਸੁਨਕੇ ਆਵਾਜ਼ ਜਾਟਠਾਠਧਰਮ ਸਿੰਘ ਕੈਹੋ,
ਘੋਲਮੈ ਘਮਾਇਓਸੀਸਮੇਰਾਹੀ ਲਗਾਓ ਖਾਂ !
ਜਾਇਝਟਕਇ ਓਸ ਤਾਈਂ ਗੁਰੂ ਬਾਹਰਆਵੇ,
ਸ੍ਰੀ ਗੁਰ ਦੇਵ ਆਨ ਮੁਖਤੋਂ ਸੁਨਾਂਵਦੇ !
ਦਿਹੋ ਸੀਸ ਹੋਰ ਮਮ ਮਿਤ੍ਰ ਮਹਾਨ ਪਿਆਰੇ,
ਮੋਹਕਮਹੈ ਆਇਓ ਪੁਨਾ ਗੁਰੂ ਝਟਕਾਂਵਦੇ !
ਉਸੀ ਸਮੇਂ ਹਿਮਤੁ ਨੇ ਹਿਮਤਦਿਖਾਈਭਾਰੀ,
ਸਾਹਿਬ ਸਿੰਘਆਏ ਬਲੀਆਪਦੀ ਝੜਾਂਵਦੇ !
ਪੰਜ ਹੀ ਪਿਜਾਰੇ ਭਾਰੇ ਹੋਏ ਮਸ਼ਹੂਰ ਇਹੋ,
ਸਤਿਗੁਰ ਸਵਾਰੇ ਵਾਰੇ ਸ੍ਰੀ ਗੁਰੂ ਜਾਂਵਦੇ !
ਦੇਖ ਏਸ ਹਾਲ ਤਾਂਈਂ ਸੰਗਤ,ਪਰਾਲ ਹੋਈ,
ਮਹਾਂ ਬਿਕਰਾਲ ਦੇਖ ਹਾਲ ਗੁਰ ਦੇਵਜੀ !
ਏਪਰ ਪਿਆਰ ਭਰੇ ਹੋਏ ਬਿਲਹਾਰ ਗੁਰ,
ਹੋਏ ਆ ਨਸਾਰ ਦੇਖ ਸਿਖਨ ਦੀ ਸੇਵਜੀ !
ਧੰਨ ਧੰਨ ਵਾਰੀਵਾਰੀ ਜਾਂਵਾਂਗੁਰਸਿਖਨ ਤੋਂ,
ਦਿਓ ਇਵਜਾਨਾ ਮਮਕਾਰ ਹੋ ਓਤੇਵਜੀ !
ਤੀਸਰੋ ਏ ਪੰਥ ਹੂਓ ਪ੍ਰਗਟ ਜਹਾਨ ਵਿਚ,
ਸੂਬਾ ਅਛਕਾਇਓ ਨਾਮ ਰਖਿਆਭਲੇਵਜੀ !
ਕਾਢ ਕ੍ਰਿਪਾਨ ਪੰਥ ਪ੍ਰਗਟ ਜਹਾਨ ਕੀਓ,
ਸ਼ਾਨ ਆਨ ਭਾਰਤਦੀ ਰਖੀ ਹੈ ਮਹਾਨਜੀ !
ਆਓ ਅਜ ਪੁਰਬ ਮਨਾਓ ਓਸ ਗੁਰੂ ਜੀਦਾ,
ਧਰਮ ਰਖਾਇਓ ਤੇਬਚਾਇਓਜਿਨ ਸ਼ਾਨਜੀ !
ਤੁਸੀ ਵੀ ਪਿਆਰੇ ਸਿਖ ਓਸਦੇ ਸਦੀਂਵਦੇ ਹੋ,

ਨਾਮ ਲੈਕੇ ਉਸਦੇ ਕਹੀਂਵਦੇ ਹੋ ਭਾਨਜੀ!
ਭ੍ਰਾਂਤਿਹੁਣਹੋਜਾਓਤਿਆਰਝਬਪਿਆਰੇਭਾਈਓ,
ਧਰਮ ਤੋਂ ਨਿਸਾਰਹੋਣਾ ਲਵੋ ਦਿੱਲਠਾਨਜੀ!

॥ਦੋਹਿਰਾ॥

ਤਾਂਤਿ ਤੁਸੀਂ ਪਿਆਰਿਓ ਲਵੋ ਦਿੱਲੇ ਵਿਚ ਧਾਰ।
ਜਿੰਦ ਦੇਵਨੀ ਧਰਮ ਹਿੱਤ ਕਰਨੀ ਸਦਾ ਏ ਕਾਰ।
ਸੁਧਾ ਛਕਨ ਦਾ ਮਤਲਬ ਏਹ ਧਾਰ ਲੈਹੋ ਰੇ ਮੀਤ।
ਦੁਸ਼ਟ ਬਿਧਾਰਨ ਕਾਰਨ੍ਹ ਅਵਤਾਰ ਹਰੀ ਜਗ ਭੀਤ।

**"ਨੇਹੁੰ ਨਾਲ ਪ੍ਰਦੇਸੀਆਂ ਭੁਲ ਲਾਇਆ,**
**ਖੇਤ ਬੀਜਿਆ ਭੁਨਿਆਂ ਦਾਣਿਆਂ ਨੂੰ!**

ਆਈ ਚਲਕੇ ਹੂਰ 'ਇੰਗਲੈਂਡ ਵਿਚੋਂ,
ਚਿਟੀ ਸ਼ਕਲ ਤੇ ਅਕਲ ਕਮਾਲ ਅੜਿਆਂ!
ਪਿਆਰ ਦੇਸ ਤੇ ਕੌਮ ਦਾ ਵਿਚ ਸੀਨੇ,
ਜ਼ੁਲਫਾਂ ਕਾਲੀਆਂਭਾਲੀਆਂ ਜਾਲ ਅੜਿਆ!
ਸਾਂਵਰ ਕੱਵਲ ਪਰ ਦਿਲ ਬੇ ਅਮਲ ਆਹਾ,
ਰਿਦੇ ਠਗਣੇ ਲਈ ਸਵਾਲ ਅੜਿਆ
ਹੂਰਾਂ ਇੰਦ੍ਰ ਪੁਰੀ ਦੀਆਂ ਜਾਪ ਪਈਆਂ,
ਐ ਪਰ ਸਾਫ ਬੇਦਾਦ ਕੁੜਿਆਲ ਅੜਿਆ!
ਰੂਪ ਧਾਰ ਦਿਲਦਾਰ ਦਾ ਚਲ ਆਈਆਂ,
'ਸੂਰਤ' ਸੋਹਣੀਆਂ ਤਈਂ ਪਸੰਦ ਆਇਆ!
ਉਤਰ ਆਨ ਲੈ ਤੀਰ ਕਮਾਣ ਪਕੜੀ,
ਦੇਸ਼ ਵਾਲਿਆਂ ਤੇ ਆਨ ਚੰਡ ਚਾਇਆ!

—o—

ਆਨ ਬਾਣ ਤੇ ਸ਼ਾਨ ਨਿਰਾਲੜੀ ਸੀ,
ਪਾਇਆ ਗਲੇ ਲਿਬਾਸ ਸੀ ਅਜਬ ਸੋਹਣਾ !
ਅੱਖਾਂ ਠਗਣੀਆਂ ਕੈਹਰ ਕਹਾਰ ਦੀਆਂ,
ਦਸਾਂ ਕੀ ਮੈਂ ਓਨਾਂ ਦਾ ਕਸਬ ਸੋਹਣਾ !
ਫਿਰ ਨਿਕਲੀਆਂ ਸ਼ੈਹਰ ਦਿਯਾਰ ਸਾਰੇ,
ਕਾਰੇ ਹਾਰੀਆਂ ਕੀਤੜਾ ਗਜ਼ਬ ਸੋਹਣਾ !
ਰਗ ਰਗ ਅੰਦਰ ਏਹੋ ਤੜਪ ਤੜਪੇ,
ਕਿਵੇਂ ਘਾਇਲ ਕਰੀਏ 'ਹਿੰਦ' ਨਜ਼ਬ ਸੋਹਣਾ !
ਠਗਣ ਚਲੀਆਂ ਝਲੀਆਂ ਫਫੇ ਕੁਟਣਾ,
ਹਥ ਲੈ ਲਿਆ ਜ਼ਰੀ ਕਿਨਾਰੀਆਂ ਨੂੰ !
ਛੀਟ ਲਠਿਆਂ ਵਾਲੜੇ ਤੀਰ ਛਡੇ,
ਘਾਇਲ ਕੀਤੜਾ ਹਿੰਦੀਆਂ ਤਾਰੀਆਂ ਨੂੰ !

—o—

ਚਰੇ ਬੇਲਿਆਂ ਤੀਰ ਅਜੇਹੇ ਛਡੇ,
ਮਾਰ ਮਾਰ ਕੇ ਕਈ ਨਬੇੜ ਦਿਤੇ !
ਸ਼ਮਾਂ ਝੂਠੜੀ ਬਣੀ ਮਾਸ਼ੂਕ ਜ਼ਾਲਮ,
ਪਰਵਾਨੇ ਸਾੜ ਕਰ ਸੈਂਕੜੇ ਢੇਰ ਦਿਤੇ !
ਅਜੇ ਚੰਦ ਨੂੰ ਮੂਲ ਨਾ ਤ੍ਰਿਪਤ ਹੋਈ,
ਚਕੋਰੇ ਸਦਾ ਦੇ ਲਈ ਨਬੇੜ ਦਿਤੇ !
ਹਾਇ ! ਹਾਇ !! ਸੱਯਾਦ ਨੂੰ ਤਰਸ ਕੀ ਸੀ,
ਬੁੱਲਬੁੱਲ ਗਾਂਵਦੇ ਪਕੜ ਕਰ ਹੇੜ ਦਿਤੇ !
ਪਤਾ ਲਗਾ ਨਾ ਹਰਨ ਨਮਾਨੜੇ ਨੂੰ,
ਮੇਰੇ ਫੜਨ ਨੂੰ ਨਾਦ ਵਜਾਏ ਜ਼ਾਲਮ !
ਸੁਣ ਨਾਦ ਨੂੰ ਸ਼ਾਦ ਹੋ ਅਗਾ ਜਾਂਦਾ,

ਵੇਖ ਝੱਬ ਹੀ ਤੀਰ ਚਲਾਇਏ ਜ਼ਾਲਮ!
ਘਾਇਲ ਹੋਇਕੇ ਡਿਗਦਾ ਸਿਰ ਪਰਨੇ,
ਤਦੋਂ ਦੁਖਤ ਹੋ ਆਖਦਾ ਹਾਏ! ਜ਼ਾਲਮ!
ਮੇਰੇ ਮਾਰਨੇ ਲਈ ਪਾਖੰਡ ਰਚਿਆ?
ਓਇ ਪਾਪੀਆ ਡਰ ਨ ਆਏ ਜ਼ਾਲਮ!
ਕਾਹਦੀ ਫੇਰ ਉਮੈਦ ਸੀ ਉਗਣੇ ਦੀ,
ਕਰ ਜ਼ਰਾ ਤੂੰ ਸੋਚ ਵਿਚਾਰ ਅੜਿਆ!
ਡਾਇਨ ਹੱਥ ਆਉਣਾ ਮੁੰਡਾ ਜਦੋਂ ਹੀ ਹੈ,
ਕਰਨਾ ਉਸ ਨੇ ਕਦ ਪਿਆਰ ਅੜਿਆ!
ਕੁਕੜੀ ਹੱਥ ਬਿੱਲੀ ਜਦੋਂ ਆ ਗਈ,
ਚੋਗਾ ਨਹੀਂ ਚੁਗਾਵਣਾਂ ਯਾਰ ਅੜਿਆ!
ਤਿਵੇਂ ਹੱਥ ਅੱਗਰੇਜ਼ਾਂ ਦੇ ਹਿੰਦ ਆਇਆ,
ਕਿਉਂ ਨ ਕਰਨਬਰਬਾਦ ਕਰਸਾਰਅੜਿਆ!
ਮੈ ਵੀ ਹਾਂ ਉਸ ਸਾਈ ਦਾ ਇਕ ਬੰਦਾ,
ਮੈਨੂੰ ਮਾਰ ਤੈ ਨਫਾ ਕੀ ਖਟਿਆ ਈ!
ਨਾਦ ਲਠਿਆਂ ਮਲਮਲ ਵਜਾ ਕਰਕੇ,
ਓਇ ਮਾਰ ਮੈਨੂੰ ਹੁਣ ਸਟਿਆ ਈ!

—o—

ਮੈਨੂੰ ਪਤਾ ਨਾ ਡਾਰੀਆਂ ਨਾਰੀਆਂ ਦਾ,
ਕਾਰੇ ਹਾਰੀਆਂ ਭੈੜੀਆਂ ਯਾਰੀਆਂ ਨੇ!
ਏਹ ਤਾਂ ਪਾੜ ਕੇ ਕਰ ਬਰਬਾਦ ਰਹੀਆਂ!
ਲੁਟਣ ਆਈਆਂ ਏਹਤਾਂਚੰਚਲ ਧਾਰੀਆਂ ਨੇ!
ਪਤਾ ਕਾਸਦਾ ਸੀ ਭੋਲੇ ਭਾਲੜੇ ਨੂੰ,
ਹੋਈਆਂ ਵਿਚ ਮੈਸੂਰ ਜੋ ਕਾਰੀਆਂ ਨੇ!

ਕੀ ਵਰਤਿਆ ਕਹਿਰ ਬੰਗਾਲ ਅੰਦਰ,
ਫੌਜਾਂ ਸਾੜੀਆਂ ਕਿਕਰਾਂ ਸਾਰੀਆਂ ਨੇ!
'ਮਾਰਕਾਟ ਬੀਅਰ' ਦਾ ਲਕਬ ਕਿਓਂ ਲੈ ਲੀਤਾ,
ਉਪਰ ਬਕਸਰੇ ਕਿਉਂ ਗਿਰਾ ਟਾਰੀਆਂ ਨੇ!
ਕਿਵੇਂ ਖਾਦੀ ਸੀ ਹਾਰ ਮਰਹਟਿਆਂ ਨੇ,
ਜਾਦੂ ਘੋਲਿਆ ਕੀ ਹੈਂਸਿਆਰੀਆਂ ਨੇ!
ਕੀਕਰ ਆਨ ਪੰਜਾਬ ਨੂੰ ਸਰ ਕੀਤਾ,
ਸ਼ੇਰਾਂ ਕਾਸਨੂੰ ਖਾਦੀਆਂ ਹਾਰੀਆਂ ਨੇ!
ਦਿੱਲੀ ਹੋਈ ਢਿੱਲੀ ਗਡੀ ਗਈ ਕਿੱਲੀ,
ਹੋਰ ਹਾਲ ਹਕੀਕਤਾਂ ਸਾਰੀਆਂ ਨੇ!

—o—

ਏਨਾਂ ਗਲਾਂ ਦਾ ਈਹੋ ਜਵਾਬ ਯਾਰੋ,
ਦਸਾਂ ਖੋਲ ਮੈਂ ਦਰਦ ਰੰਵਾਨਿਆਂ ਨੂੰ!
ਹੂਰ 'ਕੰਪਨੀ ਮਸ਼ਰਕੀ ਹਿੰਦ ਵਾਲੀ,
ਆਈ ਲੰਡਨੋਂ ਕਰ ਰਵਾਨਿਆਂ ਨੂੰ!
ਪੇਸ਼ਾ ਆਨ ਸੌਦਾਗਰੀ ਜਿਸ ਫੜਿਆ,
ਠਗਣ ਲਗ ਪਈ ਰੰਗ ਮਾਨਿਆਂ ਨੂੰ!
ਫੁਟ ਚਾ ਪਾਈ ਕਰ ਜ਼ੋਰ ਲਿਆ,
ਲਗਾ ਪਤਾ ਨਾ ਅਸਾਂ ਸਿਆਣਿਆਂ ਨੂੰ!
ਚਿਟੇ ਰੰਗ ਨੇ ਪਾਇਆ ਭੁਲੇਖੜੇ ਚੋ,
ਭਲਾ ਕੌਣ ਮੋੜੇ ਓਹਦੇ ਭਾਣਿਆਂ ਨੂੰ!
ਝੁਲੀ ਵਾਉ ਖਿੱਜ਼ਾਂ ਦੀ ਹਿੰਦ ਉਪਰ,
ਸੁਕੇ ਪਤ ਕਰ ਗਏ ਚਲਾਣਿਆਂ ਨੂੰ!
ਕਿਤੇ ਦਿਤਾ ਇਨਾਮ ਆ ਰੌਲਟ ਐਕਟ,

ਕਤਲ ਕੀਤੋਸ ਯਾਰ ਪੁਰਾਣਿਆਂ ਨੂੰ!
ਗੋਲੀ ਮੀਂਹ ਵਾਂਗੂ ਹੋਲੀ ਪਈ ਖੇਲੇ,
ਘੋਲੀ ਜਾਂਵਦੀ ਮਾਤ ਤੇ ਗਾਣਿਆਂ ਨੂੰ!
ਕੈਂਹਿਦੀ ਬਚਿਓ ਕਰੋ ਆਜ਼ਾਦ ਮੈਨੂੰ,
ਛੱਡ ਜਾਵਣਾ ਤੰਬੂਆਂ ਤਾਣਿਆਂ ਨੂੰ!
ਮਿਲੂ ਹੱਕ ਆਜ਼ਾਦੀ ਤਾਂ ਸਦਾ ਰੈਹਸੋ,
ਜਿੰਦਾ ਨਾਮ ਸ਼ਹੀਦ ਕਹਾਣਿਆਂ ਨੂੰ!
ਨਾਲੇ ਪਿਟਦੀ ਤੇ ਨਾਲੇ ਵੈਣ ਪਾਂਦੀ,
ਰੋਇ ਫੋਲਦੀ ਦਰਦ ਕਹਾਣਿਆਂ ਨੂੰ!
ਸਾਂਈਆਂ ਕੀਤਾ ਕੀ ਨਾਲ ਤੈਂ ਬਚਿਆਂ ਦੇ,
ਮਿਲੀ ਦਾਦ ਨਾ ਅਸਾਂ ਨਿਮਾਣਿਆਂ ਨੂੰ!
ਲੁਟ ਪੁਟ ਕੇ ਚੌੜ ਚਪਟ ਕੀਤੀ,
ਹੱਟ ਹੱਟ ਮੰਗਾ ਤਿਨ੍ਹਾਂ ਕਾਣਿਆਂ ਨੂੰ!
ਮੇਰੀ ਕਿਸੇ ਨਾ ਸੁਣੀ ਪੁਕਾਰ ਰਬਾ,
ਮਨ ਲਿਆ ਮੈਂ ਤੇਰਿਆਂ ਭਾਣਿਆਂ ਨੂੰ!
ਹੁਣ ਹਾਂ ਪਛਤਾਂਵਦੀ ਬੁਰਾ ਕੀਤਾ,
ਬਣਾ ਯਾਰ ਕਿਉਂ ਲੀਤਾ ਜਰਵਾਣਿਆਂ ਨੂੰ!
ਨਿੰਹੁ ਨਾਲ ਪ੍ਰਦੇਸੀਆਂ ਭੁਲ ਲਾਇਆ,
ਖੇਤ ਬੀਜਿਆ ਭੁੰਨਿਆਂ ਦਾਣਿਆਂ ਨੂੰ!
ਝਖੜ ਝਾਂਗੀ ਕੈਹਰ ਦਾ ਲਗਾ ਵਸਣ,
ਗਰਕ ਕਰਨ ਲਗਾ ਹਿੰਦਵਾਣਿਆਂ ਨੂੰ!
ਲਗਾ ਫਲ ਦੇਵਨ ਜ਼ਾਲਮ ਜੰਗ ਵਾਲਾ,
ਤੰਗੀ ਕਰਨ ਲਗਾ ਮੌਲਾ ਆਣਿਆਂ ਨੂੰ!

—o—

## —: ਭਾਰਤ ਦੁਖਿਆਰੀ :—

ਧਰਨੀ ਦੁਖੀ ਹੋਈ ਆਨ ਬੌਹਤ ਯਾਰੋ,
ਵੀਰ ਵੀਰਾਂ ਦੇ ਤਾਈਂ ਸਤਾਨ ਲਗ ਪਏ।
ਵੈਰ ਵੱਧ ਗਏ ਧਰਮ ਤੱਜ ਗਏ,
ਸੁਖ ਦੁਖ ਦੀ ਸ਼ਕਲ ਵਖਾਨ ਲਗ ਪਏ।
ਰਾਜੇ ਛੱਡ ਇਨਸਾਫ ਨਿਆਂ ਤਾਈਂ,
ਵਾੜ ਹੋ ਕੇ ਖੇਤ ਨੂੰ ਖਾਨ ਲਗ ਪਏ।
ਸ਼ੀਂਹ ਰਾਜੇ ਅਤੇ ਮੁਕੱਦਮ ਕੁੱਤੇ,
ਆਨ ਚੱਮ ਦੇ ਦੱਮ ਚਲਾਨ ਲਗ ਪਏ।
ਸਾਰੇ ਨਿਯਮ ਭੁਲਾ ਕੇ ਬਾਦਸ਼ਾਹੀ,
ਪਾਪੀ ਪਾਪ ਦਾ ਰਾਜ ਕਮਾਨ ਲਗ ਪਏ।
ਸ਼ੇਰ ਬਾਜ਼ ਲਗੇ ਖਾਣ ਘਾਸ ਤਾਈਂ,
ਮਾਸ ਖਾਵਣੇ ਹੋਰ ਹੈਵਾਨ ਲਗ ਪਏ।
ਭਗਤ ਦੁੱਖੀ ਹੋਏ ਪਾਪੀ ਸੁੱਖੀ ਹੋਏ,
ਧਰਮੀ ਵਿਚ ਜਹਾਨ ਕਤਲਾਨ ਲਗ ਪਏ।
ਵੈਰ ਯਾਰ ਬਹਾਰ ਕੁੜਜਾਰ ਲੇਵਣ,
ਗਾਰ ਵਿਚ ਪੇਵਨ ਸੁਖ ਨਦਾਨ ਲਗ ਪਏ।
ਭਾਰਤ ਹੋਣ ਗਾਰਤ ਲਗਾ ਆਨ ਲੋਕੋ,
ਧਰਮ ਤੱਜ ਕੇ ਲੋਕ ਘਬਰਾਨ ਲਗ ਪਏ।
ਪਏ ਤਫਰ ਕੇ ਮਜ਼ਹਬੀ ਵਿਚ ਆ ਕੇ,
ਇਕ ਦੂਸਰੇ ਦੇ ਤਈਂ ਖਾਣ ਲਗ ਪਏ।
ਰੁੜ੍ਹ ਚਲਿਆ ਸ਼ੌਹ ਦਰਯਾ ਬੇੜਾ,
ਭਲੇ ਲੋਕ ਤਜਵੀਜ਼ ਦੁੜਾਨ ਲਗ ਪਏ।

ਇਹ ਵੇਖ ਹਾਲਤ ਮਾਤ ਦੁਖੀ ਹੋ ਕੇ,
ਅਗੇ ਵਾਹਿਗੁਰੂ ਬਿਨੇ ਅਲਾਨ ਲਗ ਪਏ।

—o—

ਸਾਈਆਂ ਮੈਂ ਨਮਾਨੜੀ ਦੁਖਤ ਹੋਈ,
ਹੋਣ ਲਗੜੇ ਜ਼ੁਲਮ ਮਹਾਨ ਪਿਆਰੇ।
ਭੇਜ ਆਪਣਾ ਰੂਪ ਜਹਾਨ ਅੰਦਰ,
ਗਿਆਨ ਵਾਨ ਮਹਾਨ ਬਲਵਾਨ ਪਿਆਰੇ।
ਸਾਧ ਸੰਤ ਪਾਲਕ ਦੁਸ਼ਟ ਪਾਪ ਘਾਤਕ,
ਕਰਨ ਹਾਰ ਖਾਲਕ ਭਗਵਾਨ ਪਿਆਰੇ।
ਖਪਦੀ ਦੁਨੀ ਤਾਈਂ ਠੰਡਾ ਠਾਰ ਕਰਦੇ,
ਗਰਕ ਜ਼ੁਲਮ ਨੂੰ ਭੇਜੇ ਸਨਸਾਨ ਪਿਆਰੇ।

—:-)(-:—

## ਪਿਆਰੇ ਨੇ ਕੂਕ ਪੁਕਾਰ ਸੁਣਨੀ!

॥ ਉਤ੍ਰ ॥

ਮਾਤ ਪਿਆਰੜੀ ਸੰਦੀ ਪੁਕਾਰ ਪੁੰਨੀ,
ਜਾਏ ਓਸ ਦੇ ਖਾਸ ਦਰਬਾਰ ਅੰਦਰ।
ਸੁਣਦੇ ਸਾਰ ਪਿਆਰਾ ਦੁਖੀ ਬਹੁਤ ਹੋਇਆ,
ਰੋਇਆ ਆਨ ਤੇ ਆਯਾ ਗੁਫਤਾਰ ਅੰਦਰ।
ਕੈਂਹਦਾ ਬੱਚੀਏ ਰੋਇ ਸਤਾ ਨਾਹੀਂ,
ਤੇਰਾ ਰੋਵਣਾ ਜਿੱਗਰ ਜਲਾ ਗਿਆ।
ਸੁਣਿਆਂ ਜਾਂਵਦਾ ਦੁੱਖ ਨਾ ਮੂਲ ਤੇਰਾ,
ਮੇਰੈ ਅਰਸ਼ ਦੇ ਤਈਂ ਕੰਪਾ ਗਿਆ।

ਤੇਰੇ ਦੁੱਖ ਸੁਣ ਲੈ ਮੈਂ ਤਾਂ ਸਾੜ੍ਹੇ ਹੀ,
ਮੇਰਾ ਕਾਲਜਾ ਮੂੰਹ ਨੂੰ ਆ ਗਿਆ।
ਜਾ ਨਾਲ ਆਰਾਮ ਦੇ ਬੈਠ ਤੂੰ ਹੁਣ,
ਕਰੂੰ ਝੱਟ ਉਪਾ ਫੁਰਮਾ ਲਿਆ।

—o—o—

## ਕੈਲਾਸ਼ ਉਪਰ ਦਸਮੇਸ਼ ਜੀ ਪਾਸ ਵਾਹਿਗੁਰੂ ਨੇ ਜਾਣਾ !

ਉਠ ਵਾਹਿਗੁਰੂ ਗਿਆ ਕੈਲਾਸ਼ ਉਤੇ,
ਜਿਥੇ ਹੁਭੂ ਦਸਮੇਸ਼ ਸਨ ਤੱਪ ਕਰਦੇ।
ਖੜ੍ਹਾ ਸਾਹਮਣੇ ਜਾ ਅਕਾਲ ਹੋਇਆ,
ਜੇਹੜੇ ਦਰਸ਼ਨਾਂ ਲਈ ਸਨ ਦੁਖ ਜਰਦੇ।
ਖੁਲ੍ਹ ਗਈ ਸਮਾਧੜੀ ਗੁਰਾਂ ਵਾਲੀ,
ਹਰੀ ਵੇਖ ਕੇ ਦਿਲੀ ਸੰਤਾਪ ਹਰਦੇ।
ਮੈਂ ਬਲਿਹਾਰ ਬਲਿਹਾਰ ਬਲਿਹਾਰ ਸਾਈਆਂ,
ਤੇਰਾ ਦਰਸ ਹੋਇਆ ਦੁੱਖ ਗਏ ਘਰਦੇ।
ਮੇਰੇ ਮਾਲਕਾ ਕਿਉਂ ਤਕਲੀਫ ਕੀਤੀ,
ਕਿਸ ਵਾਸਤੇ ਚੱਲ ਕੇ ਆਇਓਂ ਵੇ।
ਕੀ ਕੰਮ ਪਿਆ ਮੇਰੇ ਗੋਚਰਾ ਈ,
ਦੱਸ ਕਿਸ ਲਈ ਐਡ ਘਬਰ ਇਓਂ ਵੇ।

—o—

ਸੁਣ ਗੁਰਾਂ ਦਾ ਇਹ ਜਵਾਬ ਸੋਹਣਾ,
ਬਖਸ਼ਨਹਾਰ ਦਾਤਾਰ ਫੁਰਮੌਣ ਲਗੇ।
ਹਾਲਤ ਦੱਸ ਦਿਤੀ ਭਾਰਤ ਵਰਸ਼ ਵਾਲੀ,

ਸੱਚੇ ਮੁੱਖ ਥੀਂ ਇਹ ਅਲੋਣ ਲਗੇ!
ਤੁਸੀ ਜਾਵਣਾ ਕਲੂ ਦੇ ਵਿਚ ਬੱਚਾ,
ਜਾ ਕੇ ਦਰਦੀਆਂ ਦਾ ਦਰਦ ਦੂਰ ਕਰਨਾ!
ਦੁਸ਼ਟਾਂ ਜ਼ਾਲਮਾਂ ਤਾਈਂ ਖਪਾਏ ਕਰਕੇ,
ਮੇਰੇ ਨਾਮ ਦਾ ਜ਼ਾਇ ਕੇ ਨੂਰ ਭੁਰਨਾ!

—o—

## ਪੋਹ ਸੁਦੀ ਸਪਤਮੀ ਦਾ ਮੁਬਾਰਕ ਦਿਹਾੜਾ!

ਸਿੱਕਾਂ ਸਿੱਕਦਿਆਂ ਨੂੰ ਦਿਨ ਆ ਪਨਾ,
ਕਲਗੀਧਰ ਗੁਰਦੇਵ ਅਵਤਾਰ ਲੈ ਲਿਆ!
ਪੋਖ ਮਾਸ ਦਿਹਾੜਾ ਸੱਤ ਸੁਦੀ,
ਸਤ੍ਰ ਸੈ ਤੇਈ ਜਨਮ ਧਾਰ ਲੈ ਲਿਆ!
ਜਨਮ ਹੁੰਦਿਆਂ ਜ਼ੁਲਮ ਨੂੰ ਖਬਰ ਹੋ ਗਈ,
ਆਨ ਜਨਮ ਕਰਤਾਰ ਦਾਤਾਰ ਲੈ ਲਿਆ!
ਮੇਰਾ ਪੈਹਰੜਾ ਆ ਗਿਆ ਮੁਕਣੇ ਤੇ,
ਧਰਮ ਵਾਲੜੇ ਆਨ ਸਿਰੋ ਭਾਰ ਲੈ ਲਿਆ!
ਫੈਲੀ ਦੇਸ ਬਦੇਸ ਚ ਖਬਰ ਸਾਰੇ,
ਮੁਕਤ ਭੁੱਗਤ ਦਾਤਾ ਜੱਗ ਆਪ ਪੁੰਨਾ!
ਕਰੂ ਜ਼ੁਲਮ ਖਿਜ਼ਾਂ ਨੂੰ ਦੂਰ ਜਲਦੀ,
ਛੇਤੀ ਆਊ ਬਹਾਰ ਗੁਲਜ਼ਾਰ ਪੁੰਨਾ

—o—

# ਕਸ਼ਮੀਰ ਦੇ ਪੰਡਤਾਂ ਦੀ ਪੁਕਾਰ ੯ ਪਾਤਸ਼ਾਹੀ ਦੇ ਦਰ ਉਤੇ ਅਤੇ ਦਸਮੇਸ਼ ਜੀ ਦਾ ਦਿਲੀ ਦਰਦ !

ਓਸ ਸਮੇਂ ਆ ਜ਼ੁਲਮ ਦਾ ਜ਼ੋਰ ਵਧਿਆ,
ਰਹੀ ਕਿਸੇ ਦੇ ਤਈਂ ਨਾ ਧੀਰ ਪਿਆਰੇ !
ਖਾਸ ਕਰਕੇ ਸ਼ੇਰ ਅਫਗਾਨ ਖਾਂ ਨੇ,
ਕੀਤੇ ਤੰਗ ਕਸ਼ਮੀਰ ਦੇ ਹਿੰਦੂ ਸਾਰੇ !
ਬਚੇ ਬੱਚੀਆਂ ਉਨ੍ਹਾਂ ਦੇ ਕਤਲ ਕੀਤੇ,
ਗੋਯਾ ਵਧ ਕਰ ਕੇ ਕੀਤੇ ਜ਼ੁਲਮ ਭਾਰੇ !
ਬਹੂ ਬੇਟੀਆਂ ਪਕੜ ਕੇ ਲਾਹੀ ਇਜ਼ਤ,
ਹੋਰ ਸ਼ਰਾ ਤੂਫਾਨ ਦੇ ਨਾਲ ਸਾੜੇ !
ਮੁਸਲਮਾਨ ਕੀਤੇ ਫੜ ਜ਼ੋਰ ਜ਼ੋਰੀ,
ਡਰੇ ਰੱਬ ਤੋਂ ਮੂਲ ਨਾ ਹਤਯਾਰੇ !
ਖੌਫ ਸਾਈਂ ਦਾ ਆਨ ਵਿਸਾਰ ਦਿਤਾ,
ਫੜ ਦੁੱਖੀ ਹਿੰਦੂ ਓਸ ਕਈ ਮਾਰੇ !
ਦੁੱਖੀ ਹੋਇਕੇ ਪੰਡਤ ਕਸ਼ਮੀਰ ਸੰਦੇ,
ਨੌਮੇ ਗੁਰੂ ਦੇ ਦਰ ਤੇ ਆਏ ਸਾਰੇ !
ਰੋਇ ਰੋਇ ਕੇ ਕਰਨ ਪੁਕਾਰ ਲੱਗੇ,
ਸਾਡੇ ਸਾਹਿਬਾ ਸੁਣੀ ਪੁਕਾਰ ਵਾਰੇ !

—o—

ਸਾਨੂੰ ਸਮੇ ਦਿਆਂ ਹਾਕਮਾਂ ਦੁੱਖੀ ਕੀਤਾ,
ਸਾਡਾ ਨਹੀਂ ਬਣਿਆਂ ਸਾਈਆਂ ਕੋਈ ਵਾਲੀ!
ਰਾਜੇ ਰਾਨੜੇ ਸਾਥ ਵੰਦਾ ਗਏ ਨੇ,

ਵੇਕੇ ਢੋਲ ਵੱਜਣ ਦਰਦੋਂ ਹੈਨ ਖਾਲੀ !
ਤੇਰਾ ਬਾਗ ਅਸਾਡੜਾ ਤੂਹੀਂ ਮਾਲਕ,
ਅਸੀਂ ਫੱਲ ਬੂਟੇ ਤੂੰ ਤੈਂ ਹੈਂ ਪਾਲੀ !
ਅਸੀਂ ਬੁਲਬੁਲਾਂ ਤੂੰ ਰਖਵਾਲ ਸਾਈਆਂ,
ਤੇਰਾ ਕੰਮ ਹੈ ਤੂੰ ਚਰਵਾਲ ਭਾਲੀ !

—o—

ਸੁਣੀ ਐਤਨੀ ਜਦੋਂ ਪੁਕਾਰ ਗੁਰ ਨੇ,
ਡਾਢੀ ਸੋਚ ਅੰਦਰ ਨੌਮੇ ਗੁਰ ਆਏ !
ਓਸ ਵੇਲੜੇ ਸਾਹਿਬ ਗੋਬਿੰਦ ਸਿੰਘ ਜੀ,
ਬਾਹਰੋਂ ਖੇਡਦੇ ਖੇਡਦੇ ਤੁਰਤ ਆਏ !
ਆਨ ਪਿਤਾ ਦੀ ਗੋਦ ਦੇ ਵਿਚ ਬੈਠੇ,
ਵੇਖਣ ਪਿਤਾ ਜੀ ਅਜ ਤਾਂ ਕਰਨ ਹਾਏ !
ਫਿਕਰ ਲੱਗ ਰਿਹਾ ਦੁਖ ਦੂਰ ਕਰਨਾ,
ਕੰਵਲ ਮੁੱਖ ਤੁਹਾਡੇ ਡਾਢੇ ਆਨ ਜ਼ਰਦਾਏ !
ਪੁਛਣ ਸ੍ਰੀ ਦਸਮੇਸ਼ ਜੀ ਪਿਤਾ ਪਾਸੋਂ,
ਮੇਰੇ ਸਾਹਿਬਾ ਕੀ ਅੱਜ ਕਾਰ ਹੋਇਆ !
ਕਿਸ ਵਾਸਤੇ ਅਜ ਗਮਗੀਨ ਹੋਇਓ,
ਕਾਹਦਾ ਪਿਤਾ ਜੀ ਨੂੰ ਦੁੱਖ ਭਾਰ ਹੋਇਆ !

—o—

ਤਦੋਂ ਪਿਤਾ ਨੌਮੇਂ ਕਿਹਾ ਸ੍ਰੀ ਮੁੱਖ ਤੋਂ,
ਜ਼ੁਲਮ ਵਾਲੜੀ ਲਗ ਗਈ ਝੜੀ ਬੇਟਾ !
ਜ਼ਾਲਮ ਦੁਨੀ ਤਾਈਂ ਪਏ ਕਰਨ ਔਖੇ,
ਰੁੜ੍ਹੀ ਜ਼ੁਲਮ ਦੀ ਆ ਗਈ ਹੜ੍ਹੀ ਬੇਟਾ !
ਕਿਤੇ ਧਰਮੀਆਂ ਦੀ ਦਾਲ ਗੱਲਦੀ ਨਾ,

ਏਸ ਦੁੱਖ ਮੈਨੂੰ ਕੀਤਾ ਕੜੀ ਬੇਟਾ!
ਬਲੀ ਚਾਹੀਏ ਕਿਸੇ ਮੁਨੀਸ਼ਵਰ ਦੀ,
ਮੇਰੀ ਦੁੱਖ ਦੀ ਝੜੀ ਜੋ ਅੜੀ ਬੇਟਾ!
ਤਦੋਂ ਸ੍ਰੀ ਦਸਮੇਸ਼ ਜੀ ਕਹਿਣ ਲਗੇ,
ਪਾਪ ਜ਼ੁਲਮ ਦਾ ਹੜ ਜੇ ਦੂਰ ਹੋਵੇ!
ਤੁਸੀਂ ਜਾ ਕੇ ਧਰਮ ਦੇ ਕੁੰਡ ਅੰਦਰ,
ਬਲੀ ਤੁਰਤ ਦੇਵੋ ਕੰਮ ਪੂਰ ਹੋਵੇ!

---

ਤੁਹਾਡੇ ਇਕ ਜੇ ਲਗਿਆਂ ਦੁਨੀ ਬਚੇ,
ਛੇਤੀ ਪਿਤਾ ਜੀ ਜਾਨ ਕੁਰਬਾਨ ਕਰ ਦਿਓ!
ਦੁੱਖ ਦੂਰ ਕਰਕੇ ਦੁਨੀਆਂ ਵਾਲਿਆਂ ਦੇ,
ਾਚਾ ਆਪਣਾ ਜਨਮ ਜਹਾਨ ਕਰ ਦਿਓ!
ਠੀਕਰ ਫੋੜ ਸਿਰ ਤੁਰਕ ਦੇ ਝੱਟ ਦੇਵੋ,
ਸਦਾ ਵਾਸਤੇ ਰਾਸਤਾ ਪਾਨ ਕਰ ਦਿਓ!
ਕਰੋ ਦੇਰ ਨਾ ਤੁਸੀਂ ਅਵਤਾਰ ਹਰੀ,
ਅੰਤਮ ਆਪ ਤੁਸੀਂ ਬਲੀਦਾਨ ਕਰ ਦਿਓ!

---

## —: ਸ੍ਰੀ ਕਲਗੀਧਰ ਜੀ ਕੀ ਆਮਦ :—

### "ਭਾਰਤ ਦੀ ਪੁਕਾਰ"

॥ ਸਵੈਯਾ ॥

ਜਬ ਹਿੰਦ ਮੇ ਰਾਜ ਭਯੋ ਮੁਗਲੇਸ਼ਕੋ ਦੇਸ ਨ੍ਰੇਸ਼ ਭਏ ਸਮ ਤਾਪੇ!
ਔਰੰਗਜ਼ੇਬ ਨ੍ਰੇਸ਼ ਭਯੋ ਤਬ ਹਿੰਦਨ ਕੇ ਕੰਪੇ ਨਰ ਬਾਪੇ!

ਬ੍ਰਿਧ ਹੋਊ ਬਪ ਕਰੁਧ ਕਰੇ ਤਬ ਸੁਧ ਭਲੇ ਬੁਧ ਸੇ ਧ ਥਾਪੇ।
ਰੱਯਤ ਕੀ ਸੁੱਧ ਲੇਵਤ ਮੂਲ ਨਾ ਕਾਂਪ ਉਠੇ ਹਥ ਧਰਨ ਸੰਤਾਪੇ।

—o—

ਕੋਪ ਗਯੋ ਨ੍ਰਿਪ ਛੋਪ ਦਯੋ ਹਿਤ ਤੋਪ ਸੇ ਰੋਹਬ ਚਹੇ ਬਠਲਾਨੋ।
ਨਰਨਾਰਬਚਾਰ ਕਹਾਰਕਯੋ ਗੁਨਕਾਰ ਤਿਆਰ ਹੂਉਸਠਜਾਨੋ।
ਰੰਗਜ਼ੇਬ ਕੁਪੇ ਨਰਬਾਲ ਹੁਟੇ ਯੁਵਾ ਆਨਕਟੇ ਤੇਹਟੇਨਪਠਾਨੋ।
ਸ਼ਿਵਮੰਦਰ ਕੰਦਰਖੰਡਰਭਏ ਭੁਵਕੁਲਹੀਗਿਰਧਰਨੀਪੁਰਆਨੋ।

—o—

ਤਬ ਰੋਵਤ ਭਾਰਤਮਾਤ ਉਠੀ ਕਿਲਕਾਇ ਤਬੀ ਹਰੀਪਾਸਗਈ।
ਜਾਇ ਬਤਾਏ ਦਿਏ ਸਗਰੇ ਖ ਧਾਇ ਪੁਰੀਕੋ ਕਾਸ ਛਈ।
ਬਤੀਆਛੱਤੀ ਆਜਿਤੀਆਹੁਤੀਅੰਤਿਤ ਆਂਗੁਰਕੇਡਿਗਜਾਕਹੀ।
ਉਧਾਰਲਿਯੋ ਕਲਤਾਰ ਯੋਮੋਹ ਨਿਹਾਰਲਯੋਆਨਡਿਗਵਈ।

—o—

ਸ੍ਰੀ ਗੁਰਦੇਵ ਉਤੇਵ ਠੇ ਤਬੁ ਠਾਂਡ ਭਯੋ ਕਰ ਜੋਰ ਨਿਧਾਰੇ।
ਕਾਹ ਕਹੋ ਮੱਮ ਤਾਤ ਬਤਾਤ ਮੋਹ ਦੇਖਤ ਤੇਹ ਦੁਖ ਲੋਪਤ ਸਾਰੇ।
ਹੋ ਮਤਹੀਨ ਮਲੀਨ ਕਮੀਨ ਸੇ ਚੀਨਤ ਭੀਨਤਕਹੋਮਮਪਿਜਾਰੇ।
ਬਾਰੀਓਘੋਲੀ ਅਵਤਾਰਹਰੀਗੁਰ ਦਾਸਨਿਹਾਰ ਬਿਚਾਰਅਪਾਰੇ।

—o—

ਤਬ ਸਤਿਗੁਰ ਗੁਰਦੇਵ ਕੋ ਕੀਓ ਹਰੀ ਫੁਰਮਾਨ।
ਮੋ ਸੁਤ ਕਲੂ ਕੋ ਜਾਈਏ ਕੀਜੋ ਜਾ ਕਲਿਯਾਨ॥
ਦੁਸਟ ਭ੍ਰਿਸਟ ਕਰ ਧਰਮ ਰਹੇ ਭੀਗਤਨਕੋ ਦੁੱਖ ਦੇਤ।
ਦੰਡ ਦਿਓ ਜਾ ਉਨਹੀ ਕੋ ਕਰੋ ਕਾਰ ਹਿੱਤ ਸੇਤ॥

—o—

## "ਕੀ ਝੋਲੀ ਚੁਕ ਠੀਕ ਕੌਮ ਘਾਤੀ ਹਨ ?"

ਲੱਕੜ ਹਾਰੜਾ ਇਕ ਤਿਆਰ ਹੋਕੇ,
ਖੜਗ ਪਕੜ ਕੇ ਜੰਗਲ ਨੂੰ ਜਾਨ ਲੱਗਾ!
ਦਸਤਾ ਵਿਚ ਕੋਹਾੜੇ ਦੇ ਕੋਈ ਨਾ ਸੀ,
ਏਸ ਵਾਸਤੇ ਆਨ ਘਬਰਾਨ ਲੱਗਾ!
ਫਿਰਦਾ ਖਿੜਦਾ ਜਾ ਪੌਂਹਚਿਆ ਵਿਚ ਜੰਗਲ,
ਦੇਖ ਓਸ ਨੂੰ ਜੰਗਲ ਥਰੱਾਨ ਲੱਗਾ!
ਨਿਕੇ ਬੂਟੜੇ ਦੇਖ ਹੋਏ ਬੌਹਤ ਦੁਖੀ,
ਬੁਢਾ ਰੁੱਖ ਓਹਨਾਂ ਨੂੰ ਸਮਝਾਨ ਲੱਗਾ!

—o—

ਮੇਰੇ ਪੁਤਰੋ ਤੁਸੀ ਘਬਰਾਓ ਨਾਹੀਂ,
ਖੌਫ ਖੜਗ ਪਾਸੋਂ ਕਾਹਨੂੰ ਖਾਂਵਦੇ ਹੋ!
ਓਹਦੀ ਕੀ ਮਜਾਲ ਕੁਛ ਕਰ ਸਕੇ,
ਰੋਇ ਰੋਇ ਕਿਉਂ ? ਹਾਲ ਵੰਞਾਂਵਦੇ ਹੋ!
ਨਿਰਾ ਏਹ ਪਾਪੀ ਕਰ ਸਕਦਾ ਕੀ,
ਐਵੇਂ ਮੂਰਖੋ ਤੁਸੀ ਘਬਰਾਂਵਦੇ ਹੋ!
ਮੇਰੇ ਭਾਗ ਭਰਿਓ ਕਰੋ ਖੌਫ ਨਾਹੀਂ,
ਪਾਪੀ ਦੁਸ਼ਟ ਤੋਂ ਐਵੇਂ ਚਿਲਾਂਵਦੇ ਹੋ!
ਲੱਕੜ ਹਾਰੜਾ ਕੁਛ ਨਾ ਵੱਡ ਸਕਿਆ,
ਹੋ ਨਿਰਾਸ ਤੇ ਘਰ ਨੂੰ ਧਾਇ ਗਿਆ!
ਸੁਕੀ ਲਕੜੀ ਲੈ ਕੇ ਝੱਟ ਯਾਰੋ,
ਘੜ ਰੰਦ ਕੇ ਦਸਤੜਾ ਪਾਇ ਲਿਆ!

ਉਹੀ ਪਕੜ ਕੁਹਾਰੜਾ ਰਖ ਮੋਢੇ,
ਲਕੜ ਹਾਰੜੇ ਜੰਗਲ ਦਾ ਰਾਹ ਲਿਆ !
ਵੇਖ ਓਸ ਨੂ ਰੁਖਾਂ ਦੇ ਦਾਦੜੇ ਨੇ,
ਓਹਨੇ ਪੁਤਰਾਂ ਤਾਈਂ ਸੁਣਾਇ ਲਿਆ !

—o—

ਮੇਰੇ ਪੁਤਰੋ ਕੀ ਉਪਾ ਕਰੀਏ,
ਸਾਡਾ ਭਾਈ ਚਲਕੇ ਨਾਲ ਆਇਆ ਜੇ !
ਭੈੜਾ ਬਣ ਆਇਆ ਕੌਮ ਘਾਤੜੀ ਜੇ,
ਸਾਡੇ ਮਾਰਨੇ ਨੂੰ ਬੀੜਾ ਚਾਇਆ ਜੇ !
ਹੁਣ ਅਸੀ ਯਾਰੋ ਬਚ ਸਕਦੇ ਨਾ,
ਮੇਰੇ ਮੰਨ ਖਿਆਲ ਏਹ ਆਇਆ ਜੇ !
ਕੁਲ ਘਾਤੜੀ ਆਇਆ ਬਨ ਭੀਖਨ,
ਰਾਮ ਰੌਣ ਦਾ ਬੰਸ ਡੁਬਾਯਾ ਜੇ !

—o—

ਅਜੇ ਏਹ ਤਕਰੀਰ ਨਾ ਖਤਮ ਹੋਈ,
ਲਕੜ ਹਾਰੜੇ ਨੇ ਹਲਾ ਬੋਲ ਦਿੱਤਾ !
ਵਢ ੨ ਕੇ ਢੇਰ ਲਗਾ ਦਿਤੇ,
ਵੇਖੋ ਕੁਲ ਘਾਤੀ ਕੁਲ ਰੋਲ ਦਿੱਤਾ !
ਇਕ ਪਲਕ ਅੰਦਰ ਕਈ ਗਏ ਵਢੇ,
ਵੇਖੋ ਭਾਈ ਭਾਈਆਂ ਤਾਈ ਸੋਲ ਦਿੱਤਾ !
ਸਕੇ ਵੀਰਾਂ ਦੇ ਤਾਈਂ ਮਰਵਾਨ ਲਈ,
ਜ਼ੈਹਰ ਵਿਚ ਪਿਆਲੜੇ ਘੋਲ ਦਿਤਾ !

—o—

# ਬਦੀ ਦਾ ਇੰਜਾਮ ਬਦੀ

## ਜੇਹੜਾ ਕਿਸੇ ਦੇ ਵਾਸਤੇ ਖੂਹ ਕਟਦਾ ਹੈ ਉਹ ਆਪ ਉਸ ਵਿਚ ਡਿਗਦਾ ਹੈ

ਸਦੀ ਬਾਰਵੀਂ ਦੇ ਸ਼ੁਰੂ ਵਿਚ ਯਾਰੋ,
ਪ੍ਰਿਥੀਰਾਜ ਰਾਜਾ ਦਿੱਲੀ ਸੀਗਾ ਭਾਰਾ।
ਜੈ ਚੰਦ ਮਹਾਰਾਜ ਕਨੌਜ ਦਾ ਸੀ,
ਮਾਸੀ ਪੁਤ ਭਰਾ ਤੂੰ ਸਮਝ ਯਾਰਾ।
ਦੋਇ ਰਾਜੜੇ ਬਹੁਤ ਇਕਬਾਲ ਵਾਲੇ,
ਐਪਰ ਰਖਦੇ ਸੀ ਆਪਸ ਵਿਚ ਖਾਰਾ।
ਆਨ ਚਮਕਿਆ ਸੂਰਜ ਇਕਬਾਲ ਏਹਦਾ,
ਏਪਰ ਹਾਇਲ ਹੋਇਆ ਆ ਮਰੀਖ ਜੋਹਰਾ।

—o—

## ਸ਼ਹਾਬ ਦੀਨ ਗੋਰੀ ਨੇ ੧੧੯੧ ਵਿਚ ਹਮਲਾ ਕਰਨਾ ਪਰ ਸ਼ਿਕਸਤ ਖਾਣੀ!

ਓਧਰ ਓਸ ਸਮੇ ਕਾਬਲ ਵਿਚ ਸੀਗਾ,
ਸ਼ਹਾਬ ਦੀਨ ਗੌਰੀ ਪਾਦਸ਼ਾਹ ਸਮਝੋ।
ਵਡਾ ਓਸ ਨੂੰ ਜੰਗ ਦਾ ਸ਼ੌਕ ਸੀਗਾ,
ਆਇਆ ਹਿੰਦ ਵੰਨੀ ਧਰ ਚਾ ਸਮਝੋ।
ਔਂਦੇ ਸਾਰ ਲਾਹੌਰ ਨੂੰ ਫਤਹ ਕੀਤਾ,
ਥਾਨੇਸਰ ਆਇਆ ਕਰ ਧਾ ਸਮਝੋ।
ਡੇਰੇ ਆਨ ਕਰਨਾਲ ਨੇ ਗਡ ਦਿਤੇ,
ਪ੍ਰਿਥੀਰਾਜ ਦੀ ਹਦ ਤੇ ਆ ਸਮਝੋ।

# ਪ੍ਰਿਥੀਰਾਜ ਦੀ ਚੜ੍ਹਾਈ ਸਣੇ ਰਾਜਾ ਸਮਰਸਿੰਘ ਚਤੌੜ ਦੇ

[ਇਤਫਾਕ ਦੀ ਜਿਤ]

ਪ੍ਰਿਥੀ ਰਾਜ ਨੂੰ ਚੜ੍ਹ ਕ੍ਰੋਧ ਗਿਆ,
ਲਏ ਓਸਨੇ ਰਾਜੇ ਸਦਵਾ ਸਾਰੇ।
ਸਮਰ ਸਿੰਘ ਮਹਾਰਾਜ ਚਤੌੜ ਵਾਲੇ,
ਆਏ ਹੋਰ ਰਾਜੇ ਕਰ ਧਾ ਸਾਰੇ।
ਜੰਗ ਮਚਿਆ ਆਨ ਦੋਵਲਿਓ ਹੀ,
ਚੰਗੀ ਤੇਗ ਖੜਕੀ ਪਈ ਕਹਾ ਸਾਰੇ।
ਰਾਜਪੂਤਾਂ ਨੇ ਛਿਕੇ ਛੁਡਾ ਦਿਤੇ,
ਗਏ ਖਾਨ ਪਠਾਨ ਘਬਰਾ ਸਾਰੇ।

—o—

# ਸ਼ਹਾਬ ਦੀਨ ਦਾ ਜ਼ਖਮੀ ਹੋਣਾ ਅਤੇ ਪਠਾਣਾਂ ਨੇ ਮੈਦਾਨ ਛੱਡ ਕੇ ਭੱਜ ਉਠਣਾ

ਸਮਰ ਸਿੰਘ ਜਿਹਾਂ ਆਫਤ ਕਰੀ ਬਿਰਪਾ,
ਗੋਬਿੰਦ ਰਾਇ ਨੇ ਕਰੀ ਲੜਾਈ ਭਾਰੀ।
ਸ਼ਹਾਬੁ ਦੀਨ ਹੋਇਆ ਜ਼ਖਮੀ ਓਸ ਜਾ ਤੇ,
ਗੋਬਿੰਦ ਰਾਇ ਹਥੋਂ ਖਾਹਦਾ ਜ਼ਖਮ ਕਾਰੀ।
ਹੋਈ ਆਨ ।ਇਤਫਾਕ ਦੀ ਜਿਤ ਯਾਰੋ,
ਆ ਪਠਾਣਾਂ ਦੀ ਭਜ ਗਈ ਫੌਜ ਸਾਰੀ।
ਮਿਲੀ ਆਨ ਫਤਹ ਇਤਫਾਕ ਤਾਈ,
ਜਰਾ ਸੋਚਣਾ ਧਰ ਖਿਆਲ ਵਾਰੀ।

# ਸੰਯੋਗਤਾ ਦਾ ਸੋਇੰਮਬਰ ਜੈ ਚੰਦ ਨੂੰ ਹਸਦ ਪ੍ਰਥੀਰਾਜ ਨੂੰ ਦਰਬਾਨ ਬਨੌਣਾ

ਸੰਨ ਯਾਰਾਂ ਸੋ ਬਾਨਵੇ ਵਿਚ ਯਾਰੋ,
ਸੁਇਮਬਰ ਰਚਿਆ ਬੜਾ ਮਹਾਨ ਜੈ ਚੰਦ।
ਦੂਰ ਦੂਰ ਤਾਂਈ ਗਲਾਂ ਆਨ ਤੁਰੀਆਂ,
ਕੀਤੀ ਖਬਰ ਆ ਵਿਚ ਜਹਾਨ ਜੈ ਚੰਦ।
ਰੱਚੀ ਜਾ ਸੋਇੰਮਬਰ ਦੀ ਬੋਹਤ ਸੋਹਣੀ,
ਖਾਤਰ ਦਾਰੀਆਂ ਕੀਤੀਆਂ ਆਨ ਜੈ ਚੰਦ।
ਪੂਨੇ ਹਿੰਦ ਦੇ ਰਾਜੇ ਮਹਾਰਾਜੇ ਸਾਰੇ,
ਦੇਖੋ ਕਰਦਾ ਕੀ ਗਿਯਾਨ ਜੈ ਚੰਦ।

—o—

ਸਾਰੇ ਰਾਜਿਆਂ ਦੀ ਸੇਵਾ ਵੰਡ ਦਿਤੀ,
ਜੈ ਚੰਦ ਨੇ ਕੀਤੀ ਵਾਹ ਖਾਤਰ ਦਾਰੀ।
ਸਾਰੇ ਆਪਣੇ ਆਪਣੇ ਥਾਈ ਲਾਏ,
ਪ੍ਰਥੀਰਾਜ ਸੰਦੀ ਹੱਤਕ ਕਰੀ ਭਾਰੀ।
ਬੁਤ ਓਹਦਾ ਬਨਾਕੇ ਖੜਾ ਕੀਤਾ,
ਗਈ ਏਸ ਸੰਦੀ ਯਾਰੋ ਮੱਤ ਮਾਰੀ।
ਏਹ ਖਬਰਾਂ ਪੁਜੀਆਂ ਵਿਚ ਦਿੱਲੀ,
ਪ੍ਰਥੀਰਾਜ ਨੇ ਕ੍ਰੋਧ ਕਰ ਕਰੀ ਤਯਾਰੀ।

—o—

## ਸੋਇੰਮਬਰ ਦੀ ਰਸਮ ਅਦਾ ਹੋਣੀ ਜੈ ਮਾਲ ਬੁਤ ਦੇ ਗਲ ਪੌਣੀ

## [ ਮਹਾਰਾਨੀ ਸੰਯੋਗਤਾ ਦਾ ਖਿਆਲ ]

ਓਧਰ ਰਸਮ ਅਦਾ ਸੀ ਹੋਣ ਲਗੀ,
ਸੰਜੋ ਵਿਚ ਦਰਬਾਰ ਦੇ ਚਲ ਆਈ।
ਹੁਕਮ ਆਣ ਹੋਇਆ ਬੈਠ ਜਾਓ ਸਾਰੇ,
ਪ੍ਰਿਯਾ ਵੇਖ ਲੌ ਵਰਦੀ ਕਿਸ ਤਾਈ।
ਮਹਾਰਾਨੀ ਸੰਯੋਗਤਾ ਤੁਰ ਫਿਰ ਕੇ,
ਪ੍ਰਥੀਰਾਜ ਦੇ ਬੁਤ ਦੇ ਨਿਕਟ ਆਈ।
ਗਲ ਪਾ ਦਿਤੀ ਜੈ ਮਾਲ ਬੁਤ ਦੇ,
ਜੈ ਚੰਦ ਦੇ ਮੁਖ ਤੇ ਆਈ ਛਾਈ।

———o———

## ਰਾਇ ਪਥੌਰਾ ਦਾ ਵੇਲੇ ਸਿਰ ਅਪੜ ਰਾਣੀ ਨੂੰ ਉਡਾ ਲੈ ਜਾਣਾ

ਵੇਲੇ ਸਿਰ ਪੁਜੇ ਪ੍ਰਿਥੀਰਾਜ ਓਥੇ,
ਓਹਨਾਂ ਔਂਦਿਆਂ ਜੰਗ ਮਚਾ ਦਿਤਾ।
ਧਹ ਲਈਆਂ ਤਲਵਾਰਾਂ ਚੋਹਾਨਾ ਸੁਨ ਲੌ,
ਦਰਬਾਰ ਤਾਈ ਮੈਦਾਨ ਬਨਾ ਦਿਤਾ।
ਏਸੇ ਖਪ ਅੰਦਰ ਪ੍ਰਿਥੀ ਰਾਜ ਸੂਰੇ,
ਆਨ ਰਾਣੀ ਨੂ ਹਲਜਲ ਪਾ ਦਿਤਾ।
ਪਿਛੇ ਆਪਣੇ ਸੁਟ ਹਵਾ ਹੋਇਆ,
ਦਿਲੀ ਤਰਫ ਆ ਕੂਚ ਤੁਲਾ ਦਿਤਾ।

# ਜੈ ਚੰਦ ਨੇ ਗੁੱਸੇ ਵਿਚ ਆਕੇ ਸ਼ਹਾਬਦੀਨ ਗੋਰੀ ਨੂੰ ਖਤ ਲਿਖਣਾ ਤੇ ਹਮਲੇ ਲਈ ਅਕਸੌਣਾ।

ਖੂਹ ਖਟਣ ਲੱਗਾ ਪਾਪੀ ਹਤਿਆਰਾ,
ਅਪਣੀ ਕੌਮ ਦਾ ਬੁਰਾ ਤਕੌਣ ਲੱਗਾ।
ਬੂਟੇ ਪਲੇ ਹੋਏ ਭਾਰਤ ਵਰਸ਼ ਦੇ ਨੂੰ,
ਪਾਪੀ ਵੇਖ ਲੌ ਟਕ ਲਗੌਣ ਲੱਗਾ।
ਕੌਮ ਆਪਣੀ ਦਾ ਵੈਰੀ ਹੋ ਕਰਕੇ,
ਵੇਖੋ ਆਪਣੀ ਜੜ ਕਹੌਣ ਲਗਾ।
ਨਾਸ ਕਰਨ ਲੱਗਾ ਭਾਈ ਭਾਈ ਸੰਦਾ,
ਕਾਲੇ ਸਪ ਨੂੰ ਦੁਧ ਪਿਲੌਣ ਲੱਗਾ।

—◯-++-◯—

ਜੈ ਚੰਦ ਨੇ ਭੇਜਿਆ ਖਤ ਓਸ ਨੂੰ,
ਖਤ ਵੇਖਦੇ ਸਾਰ ਹੀ ਕਰੀ ਧਾਈ।
ਮਾਰ ਮੰਜਲਾ ਪੁਜਿਆ ਸਤਲੁਜ ਤੇ,
ਪ੍ਰਥੀਰਾਜ ਤਾਈ ਨਹੀਂ ਖਬਰ ਕਾਈ।
ਓਹ ਮਸਤ ਸੀ ਇਸ਼ਕ ਦੇ ਰਾਗ ਅੰਦਰ,
ਕਿਸੇ ਖਬਰ ਕੀਤੀ ਜਾ ਓਸ ਤਾਂਈ।
ਉਠ ਗਫਲਤਾ ਤਈ ਤਯਾਗ ਰਾਜਾ,
ਹੋਸ਼ ਕਰ ਪਾਪੀ ਆਯਾ ਕਰ ਧਾਈ।

—o 8 o—

ਸੁਤਾ ਉਠਿਆ ਸ਼ੇਰ ਬੇਖਬਰੀਓਂ ਹੀ,
ਸਮਰ ਸਿੰਘ ਰਾਜਾ ਉਥੇ ਚਲ ਆਇਆ।

ਦਲ ਲੈ ਕਰਕੇ ਪ੍ਰਿਥੀ ਰਾਜ ਪਿਆਰਾ,
ਪਾਨੀਪਤ ਕਰਨਾਲ ਤੇ ਦਲ ਲਿਆਇਆ।
ਜੰਗ ਮਚਿਆ ਆਨ ਦੁਵੱਲਿਓਂ ਹੀ,
ਵੇਖੋ ਹਿੰਦ ਸੰਦੀ ਪਲਟ ਚਲੀ ਕਾਇਆ।
ਮਦਦ ਆਨ ਕੀਤੀ ਮੌਕੇ ਸਿਰ ਜੈ ਚੰਦ,
ਪ੍ਰਿਥੀਰਾਜ ਨੂੰ ਆਨ ਕਰੋਧ ਛਾਇਆ।

—+-⊂⊃-o-⊂⊃-+—

ਹੋਈ ਆਨ ਲੜਾਈ ਸੀ ਬਹੁਤ ਸਾਰੀ,
ਦੇਖੋ ਪੁਠੀਆਂ ਰੱਬ ਵਗਾਈਆਂ ਨੇ।
ਪ੍ਰਿਥੀਰਾਜ ਗਿਆ ਉਥੇ ਜਕੜਿਆ ਜੀ,
ਕੁਲ ਘਾਤੀਆਂ ਕਾਤੀਆਂ ਲਾਈਆਂ ਨੇ।
ਦਿੱਲੀ ਫਤਹ ਕੀਤੀ ਆਨ ਗੌਰੀਆਂ ਨੇ,
ਹੋਈਆਂ ਉਤੇ ਕਨੌਜ ਚੜ੍ਹਾਈਆਂ ਨੇ।
ਜੈ ਚੰਦ ਨੂ ਕਰ ਖਵਾਰ ਬਹੁਤਾ,
ਮਾਰ ਸੁਟਿਆ ਮੁਗਲ ਪਠਾਈਆਂ ਨੇ।

——()-o-()——

ਦੇਖੋ ਬਦੀ ਦਾ ਬਦੀ ਹੈ ਸਿਲਾ ਮਿਲਿਆ,
ਹਥੋਂ ਹਥ ਹੀ ਪਾਈ ਸਜ਼ਾ ਦੁਸ਼ਟਾਂ।
ਜੇੜ੍ਹਾ ਕਰੇਗਾ ਭਰੇਗਾ ਸੋਈ ਯਾਰੋ,
ਪਾਇਆ ਬਦਲਾ ਕੀਤੀ ਦਾ ਆ ਦੁਸ਼ਟਾਂ।
ਤਾਂਤੇ ਸੋਚ ਲੈਨਾ ਕੌਮ ਘਾਤੀਆਂ ਨੇ,
ਤੁਹਾਡਾ ਹੋਵਣਾ ਇਹੀ ਇੰਜ਼ਾਮ ਦੁਸ਼ਟੋ।
ਆਓ ਬਾਜ਼ ਆਓ ਝੋਲੀ ਚਕਨੇ ਤੋਂ,
ਕਰੋ ਕੌਮ ਦਾ ਨਾ ਨੁਕਸਾਨ ਦੁਸ਼ਟੋ।

ਦੁਖੀ ਹੈ ਭਾਰਤ ਪਿਆਰੀ ਬਹੁਤ ਸਾਰੀ,
ਦੁਖੀ ਤੁਹਾਈਂ ਨਾ ਤਾਓ ਮਹਾਨ ਦੁਸ਼ਟੋ!
ਨਹੀਂ ਤਾਂ ਯਾਦ ਰਖੋ ਜੈ ਚੰਦ ਵਾਲਾ,
ਹੋਣਾ ਤੁਸਾਂ ਦਾ ਹੈ ਇੰਤਜ਼ਾਮ ਦੁਸ਼ਟੋ!

——(-o-⬭-)——

## ਪਾਈ ਅੰਤ ਨੂੰ ਫਤਹ ਅਕਾਲੀਆਂ ਨੇ!

ਗਈਆਂ ਬੁਲਬਲਾਂ ਬਾਗ਼ ਦੀ ਵਲ ਯਾਰੋ,
ਓਧਰ ਤਾਣਿਆਂ ਜਾਲ ਸਵਾਲੀਆਂ ਨੇ।
ਦਰਸ਼ਨ ਕਰਨ ਨਾ ਦੇਂਵਦੇ ਗੁਲਸ਼ਣੇ ਦਾ,
ਤੀਰ ਮਾਰ ਦਿਤ, ਹਾ! ਹਲਾਲੀਆਂ ਨੇ!
ਗੁਲਚੀਂ ਤ੍ਰੋੜਦੇ ਫਿਰਨ ਹਾ! ਫੁਲ ਵੇਖੇ,
ਕੀਤਾ ਸ਼ੋਕ ਆ ਕੇ ਪੱਤ੍ਰ ਡਾਲੀਆਂ ਨੇ!
ਜ਼ਾਲਮ ਖਿੱਚ ਤਲਵਾਰ ਹਾ! ਮਾਰ ਦਿੱਤੀ,
ਐਪਰ ਰੋਕ ਲਿਆ ਆ ਕੇ ਢਾਲੀਆਂ ਨੇ!

——⬭o⬭——

ਬੁਲਬੁਲ ਕਿਸ ਤਰਾਂ ਬਾਗ਼ ਨੂੰ ਛੱਡ ਸੱਕੇ,
ਕਿਵੇਂ ਫੁਲ ਦਾ ਨਿਹੋ ਤਰੋੜ ਦੇਵੇ!
ਯਾਰ ਯਾਰ ਦੀ ਗਲੀ ਚ੍ਰ ਜਾਏ ਕਿਉਂ ਨਾ,
ਕਿਉਂ ਰੋਕਿਆ ਜਾਏ ਜਮ ਕਾਲੀਆਂ ਨੇ?
ਮਹੀਂ ਵਲ ਛਡੇ ਕਿਵੇਂ ਸੋਹਣੀ ਨੂੰ,
ਯਾਰ ਯਾਰ ਦਾ ਦਰਸ਼ਨ ਪਾਏ ਕਿਉਂ ਨਾ?
ਸੋਹਣੀ ਹੋਈ ਫਿਦਾ ਦਿਲਦਾਰ ਉਤੇਂ,
ਭਾਵੇਂ ਰੋਕਿਆ ਬਹੁਤ ਘੱਟ ਕਾਲੀਆਂ ਨੇ!

ਗੁਰੂ ਬਾਗ਼ ਅੰਦਰ ਜ਼ਾਲਮ ਜ਼ੁਲਮ ਕੀਤਾ,
ਨੌਕਰਸ਼ਾਹੀ ਨੇ ਕੀਤਾ ਅਪਦ੍ਰਵ ਭਾਰੀ।
ਡੰਡੇ ਮਾਰੇ ਤੇ ਘੋੜੇ ਦੁੜਾਏ ਉਤ ਦੀ,
ਕੀਤਾ ਕੈਹਰ ਵਡਾ ਆ ਕੇ ਪਾਲੀਆਂ ਨੇ।
ਦੱਸ ਕਰ ਕਾਨੂੰਨ ਇਨਸਾਫ ਵੇਖੋ,
ਮਾਰ ਮਾਰ ਕੇ ਤੂੰਬੜੇ ਤੋੜ ਦਿਤੇ।
ਕੈਦੀ ਕਈ ਹਜ਼ਾਰ ਫੜ ਜੇਹਲ ਪਾਏ,
ਕੀਤਾ ਤਰਸ ਨਾ ਹਾਇ! ਚਰਵਾਲੀਆਂ ਨੇ।

---

ਐਪਰ ਜ਼ੁਲਮ ਦੀ ਹੋਂਵਦੀ ਹੱਦ ਕੋਈ,
ਦਿਨ ਮੌਸਮ ਖਿਜ਼ਾਂ ਨਾ ਨਿੱਤ ਰਹਿੰਦੇ।
ਬੱਕੀ ਆਨ ਹੈ ਡਾਂਗ ਜੱਲਾਦ ਵਾਲੀ,
ਕਬਜ਼ਾ ਬਾਗ ਉਤੇ ਕੀਤਾ ਘਾਲੀਆਂ ਨੇ।
ਭਾਵੇਂ ਜ਼ੋਰ ਲਾਇਆ ਬਹੁਤਾ ਜ਼ਾਲਮਾਂ ਨੇ,
ਐਪਰ ਅੰਤ ਨੂੰ ਹੱਕ ਦੀ ਫਤਹ ਹੋਈ।
ਜ਼ੋਰ ਜ਼ੁਲਮ ਸਹਾਰ ਕੇ ਜਬਰ ਭਾਰੀ,
ਫਤਹ ਅੰਤ ਨੂੰ ਪਾਈ ਅਕਾਲੀਆਂ ਨੇ।

---

ਔਂਦੀ ਬਾਦ੍ਹ ਖਿਜ਼ਾਂ ਦੇ ਰੁਤ ਸੋਹਣੀ,
ਜਿਨੂ ਆਖਦੇ ਲੋਕ ਬਹਾਰ ਵਾਹ ਵਾਹ।
ਬਾਦ੍ਹ ਮੁਸ਼ਕਲਾਂ ਆਂਵਦਾ ਸੁਖ ਲੋਕੋ,
ਔਣ ਬਾਦ੍ਹ ਜ਼ਵਾਲ ਖੁਸ਼ਹਾਲੀਆਂ ਨੇ।
ਪਏ ਸੋਨਾਂ ਕੁਠਾਲੜੀ ਸੜੇ ਪਹਿਲਾਂ,
ਬਾਦ੍ਹ ਓਸ ਦੇ ਕੱਦਰ ਬਾਜ਼ਾਰ ਪੈਂਦਾ।

ਕੰਨਾਂ ਵਿਚ ਲਟਕਨ ਯਾਰ ਪਿਆਰੜੇ ਦੀ,
ਬੋਸੇ ਲੈਣ ਰੁਖਸਾਰ ਬਨ ਵਾਲੀਆਂ ਨੇ!

—o—

## ਫੇਰ ਦਿੱਤਾ ਰੰਦਾ ਇਨਾਂ ਚੰਦਰੇ ਲੁਹਾਰਾਂ ਨੇ !

ਦਿਲਾਂ ਦਿਓ ਮੈਹਰਮੋਂ ਕੀ ਪੁੱਛਦੇ ਅਸਾਡੇ ਕੋਲੋਂ,
ਘਾਉ ਪਏ ਡੂੰਘੇ ਤੇਜ਼ ਲੱਗੀਆਂ ਕਟਾਰੀਆਂ
ਫਾੜੀ ਫਾੜੀ ਦਿਲ ਹੋਇਆ ਪਾਟੇ ਵਾਂਗ ਪਾਟਗਿਆ,
ਮਾਰ ਮਾਰ ਤੀਰ ਕਰ ਦਿਤੀਆਂ ਜੇ ਫਾੜੀਆਂ!
ਜ਼ਖਮਾਂ ਤੇ ਲੂਣ ਪਾਇਆ ਡਾਢਾ ਹੈ ਸਤਾਇਆ ਇਨ੍ਹਾਂ,
ਪਾਤ ਦਿਆਂ ਆਏ ਹਾਇ! ਚੰਦਰੇ ਬਪਾਰੀਆਂ!
ਝੁਗੇ ਕਰ ਚੌੜ ਦਿਤੇ ਲੁਟ ਪੁੱਟ ਰੋੜ ਕੀਤੇ,
ਖਾਕ ਚੋ ਮਲਾਈਆਂ ਯਾਰੋ ਸਾਡੀਆਂ ਅਟਾਰੀਆਂ!
ਫੋਲ ਫੋਲ ਦਸੀਏ ਕੀ ਹਾਲ ਅਸੀ ਆਪ ਮੰਦਾ,
ਫੇਰ ਦਿਤਾ ਰੰਦਾ ਇਨ੍ਹਾਂ ਚੰਦਰੇ ਲੋਹਾਰਾਂ ਨੇ!
ਘਰ ਸੰਦੇ ਮਾਲਕਾਂ ਨੂੰ ਧੱਕੇ ਮਾਰ ਬਾਹਰ ਕੱਢ,
ਆਪ ਲਿਆ ਸਾਂਭ ਹੁਣ ਕੀਤੀਆਂ ਬਹਾਰਾਂ ਨੇ!
ਸਚੋ ਸੱਚ ਕਹਿਣ ਲਈ ਜਿਨ੍ਹਾਂ ਨੇ ਜ਼ਬਾਨ ਖੋਲ੍ਹੀ,
ਜੇਲ ਵਿਚ ਪਾਇਆ ਮੰਦ ਕੀਤੀਆਂ ਤਾਂ ਕਾਰਾਂ ਨੇ!
ਸ਼ੋਕ! ਮਹਾਂ ਸ਼ੋਕ!! ਹਾਇ ਪਾਂਵਦਾ ਨਾ ਕੋਈ ਰੋਕ,
ਜ਼ਾਲਮਾਂ ਨੇ ਜ਼ੁਲਮ ਦੀਆਂ ਚਾਈਆਂ ਜੋ ਮਹਾਰਾਂ ਨੇ!

—o—

## ਪਿਆਰੇ ਦਾ ਪ੍ਰੇਮ

ਤੁਰਿਆ ਰਾਂਝਣਾਂ ਝੰਗ ਸਿਆਲ ਵੰਨੇ,

ਪੌਂਹਰ ਪਿਆ ਦਰਜਾ ਝਨਾਂ ਉਤੇ।
ਕੈਂਹਦਾ ਜੋੜ ਕਰ ਹੱਥ ਮਲਾਹ ਤਾਈਂ,
ਓਇ ਪਾਰ ਕਰ ਰੱਬ ਦੇ ਨਾਂ ਉਤੇ।
ਮੈਨੂੰ ਮੇਲ ਉਸ ਯਾਰ ਦਿਲਦਾਰ ਤਾਈਂ,
ਡੰਕਾ ਫਿਰਿਆ ਜੀਹਦਾ ਜਹਾਂ ਉਤੇ।
ਕਰ ਸਾਈਂ ਦੇ ਵਾਸਤੇ ਪਾਰ ਅੜਿਆ,
ਫੜਿਆ ਪਲੜਾ ਤੈਂਰੜਾ ਲਾਂ ਉਤੇ।

—o—

ਸੁਣ ਏਹ ਆਵਾਜ਼ ਰੰਝੇਟੜੇ ਦੀ,
ਲੁਡਨ ਝੱਟ ਓਵੇਂ ਮੇਹਰਬਾਨ ਹੋਇਆ।
ਲਿਆ ਝੱਟ ਝੱਤਾ ਓਸ ਸਾਂਵਰੇ ਨੂੰ,
ਦੇਖ ਜਿਸ ਤਾਈਂ ਖੁਸ਼ੀ ਆਨ ਹੋਇਆ।
ਲਗ ਗਿਆ ਅਖਾਰੜਾ ਵੰਜਲੀ ਦਾ,
ਗਿਰਦ ਓਸ ਦੇ ਬੁੱਢਾ ਜਵਾਨ ਹੋਇਆ।
ਪਕੜ ਪਲੰਘ ਦੇ ਉਪਰ ਬਠਾਇਓ ਨੇ,
ਸੋਹਣਾ ਆਸ਼ਕਾਂ ਵਾਲਾ ਦੀਵਾਨ ਹੋਇਆ।

—o—

ਭੋਗ ਪਿਆ ਦੀਵਾਨ ਦਾ ਜਿਸ ਵੇਲੇ,
ਓਸੇ ਵਕਤ ਤੁਰੀ ਗਲ ਪ੍ਰੇਮ ਵਾਲੀ।
ਤੁਰੀਆਂ ਆਨ ਗਲਾਂ ਓਥੇ ਪ੍ਰੀਤ ਦੀਆਂ,
ਰੀਤ ਹੈ ਕੇਹੜੀ ਸੋਹਣੀ ਨੇਮ ਵਾਲੀ।
ਕੇਹੜੀ ਗਲ ਚੰਗੇਰੜੀ ਚਾਲ ਦੱਸੋ,
ਪਈ ਆਨ ਬੁਝਾਰਤ ਇਹ ਪ੍ਰੇਮ ਵਾਲੀ।
ਕੀਲ ਕਾਲ ਲੱਗੀ ਹੋਣ ਏਸ ਉਤੇ,

ਹੋਣ ਬਹਿਸ ਲਗੀ ਸੱਚੇ ਨੇਮ ਵਾਲੀ !

—o—

ਏਸ ਬੈਹਸ ਦਾ ਹੋਇਆ ਪ੍ਰਧਾਨ ਰਾਂਝਾ,
ਉਚਾ ਬੈਠ ਕੇ ਕਰੇ ਤਕਰੀਰ ਮੀਆਂ !
ਪੜ੍ਹੇ ਆਪਨਾ ਓਹ ਐਡਰੈਸ ਸੋਹਣਾ,
ਪੜ੍ਹੇ ਨਾਲ ਅਦਾ ਧਰ ਧੀਰ ਮੀਆਂ !
ਦਰਦੀ ਦਿਲਾਂ ਦੀ ਸ਼ੀਰ ਤਕ੍ਰੀਰ ਵਾਹ ੨,
ਖਿੱਚ ਮਾਰਦੀ ਕਾਲਜੇ ਤੀਰ ਮੀਆਂ !
ਪਈ ਦੱਸਦੀ ਆਪਨੇ ਆਪ ਤੋਂ ਹੀ,
ਜ਼ਮੀਰ ਪਈ ਅਲਾਂਵਦੀ ਹੀਰ ਮੀਆਂ !

—o—

ਓਹਦਾ ਸਾਰ ਮੈਂ ਸਾਰੜਾ ਕ੍ਰਾਰ ਲਈ,
ਭੇਟ ਆਪ ਦੀ ਕਰਾਂ ਕਰ ਧਿਆਨ ਸੁਣ ਲੌ !
ਰਾਂਝਾ ਯਾਰ ਸਮਝਾਂਵਦਾ ਪਰੇਮੀਆਂ ਨੂੰ,
ਮਨੋਹਾਰ ਦਾ ਕਰ ਗਿਆਨ ਸੁਣ ਲੌ !
ਯਾਰੋ ਯਾਰ ਦਿਲਦਾਰ ਦਾ ਪਾਨ ਇਹੋ,
ਮੰਨ ਯਾਰ ਦਾ ਪੈਹਲੇ ਫੁਰਮਾਨ ਸੁਣ ਲੌ !
ਸੀਸ ਤੱਲੀ ਤੇ ਕੱਟ ਕੇ ਗਲੀ ਔਣਾ,
ਭਲੀ ਰੀਤ ਇਹ ਸੱਚ ਪਛਾਨ ਸੁਣ ਲੌ !

—o—

ਪ੍ਰੇਮ ਪਾਵਣਾ ਜਿਗਰ ਦਾ ਖ਼ੂਨ ਖਾਣਾ,
ਲਾਣਾ ਆਪ ਨੂੰ ਦੋਸਤੋ ਕਾਰ ਪੈਹਲੀ !
ਦੂਜੀ ਯਾਰ ਦੀ ਮੰਨਣੀ ਗਲ ਹਰ ਇਕ,
ਪ੍ਰੇਮ ਵਾਲੀ ਇਹ ਖਾਣੀ ਕਟਾਰ ਪੈਹਲੀ !

ਤਾਰ ਤਾਰ ਵਜੇ ਦੀਦ ਯਾਰ ਕਾਰਨ,
ਆਰ ਕਾਸ ਦੀ ਸਾਰ ਰੁਖਸਾਰ ਪੈਹਲੀ।
ਐਸ਼ ਦੁਨੀ ਦੇ ਸਭ ਹਰਾਮ ਹੋਸਨ,
ਕਾਮ ਆਵਣਾ ਸ਼ਾਮ ਦੀ ਕਾਰ ਪੈਹਲੀ।
ਮੇਹਣੇ ਜਗ ਜਹਾਨ ਦੇ ਝੱਲ ਲੈਣੇ,
ਬਾਤ ਜਗਤ ਦੀ ਲਿਆਨੀ ਨ ਖਿਆਲ ਅੰਦਰ।
ਸੈਹਣੇ ਦੁੱਖ ਫਿਰਾਕ ਦੇ ਦਿਲ ਠੰਡੇ,
ਕਰਨਾ ਗ਼ਮਾਂ ਵਾਲਾ ਇਸਤਕਬਾਲ ਅੰਦਰ।

---

## ਕੀ ਅਸੀ ਵੀ ਸਿੱਖਿਆ ਲੈ ਸਕਦੇ ਹਾਂ ?

ਕਿਉਂ ਜੀ ਆਪ ਨੇ ਕੋਈ ਹੈ ਸਬਕ ਲਿਆ,
ਰਾਂਝੇ ਯਾਰ ਦੀ ਏਸ ਤਕਰੀਰ ਵਿਚੋਂ।
ਤੁਸੀ ਵੀ ਹੋ ਵਤਨ ਦੇ ਬਣੇ ਆਸ਼ਕ,
ਪੈਰ ਕਢਣਾ ਬਾਹਰ ਜ਼ੰਜ਼ੀਰ ਵਿਚੋਂ।

---

ਨੇਹੂ ਜੋੜਕੇ ਨਾਲ ਪਿਆਰੜੇ ਦੇ,
ਸੀਸ ਆਰਿਆਂ ਨਾਲ ਚਰਾਂਵਦੇ ਨੇ।
ਫਾਹੀ ਪਿਆਰ ਤੇ ਪ੍ਰੇਮ ਦੀ ਵਿਚ ਆਕੇ,
ਸੀਸ ਰੰਬੀਆਂ ਨਾਲ ਛਲਾਂਵਦੇ ਨੇ।
ਜਿਸਨੂੰ ਲਗ ਪ੍ਰੇਮ ਦੀ ਚਾਟ ਜਾਂਦੀ,
ਓਹ ਤਾਂ ਆਪਣਾ ਆਪ ਵਵਾਂਵਦੇ ਨੇ।
ਛਡ ਜਾਂਵਦੇ ਸਾਕ ਸਰਧੀਆਂ ਨੂੰ,
ਡੇਰੇ ਜਾ ਸਿਆਲ ਚੌਂ ਲਾਂਵਦੇ ਨੇ।

ਪੁਤਰ ਸਾਊਆਂ ਚੰਗਿਆਂ ਚੋਖਿਆਂ ਦੇ,
ਮਹੀਂ ਚਾਰਕੇ ਚਾਕ ਸਦਾਂਵਦੇ ਨੇ !
ਗਲ ਕਫਣੀਆਂ ਪਾ ਹੋ ਫਕਰ ਜਾਂਦੇ,
ਰੰਗ ਪੁਰ ਜਾ ਅਲੱਖ ਜਗਾਂਵਦੇ ਨੇ !
ਤਪਨ ਧੂਣੀਆਂ ਮੌਣ ਜਾ ਵਿਚ ਜੰਗਲ,
ਮਾਰਾਂ ਮਾ ਨਣਾਨਾ ਤੋਂ ਖਾਂਵਦੇ ਨੇ !
ਔਪਰ ਅੰਤ ਨੂੰ ਫਤਹ ਪਾ ਘਰ ਔਂਦੇ,
ਯਾਰ ਯਾਰ ਮਿਲ ਜਫੀਆਂ ਪਾਂਵਦੇ ਨੇ !

—o—

ਕਿਤੇ ਪ੍ਰੀਤ ਦੀ ਰੀਤ ਕਰ ਚੜ੍ਹ ਦੇਂਦੇ,
ਝੂਰੇ ਛਡਕੇ ਕਰਨ ਕਨਾਰਿਆਂ ਨੂੰ !
ਕਰਨ ਆਣ ਮੁਕਾਮ ਵਿਚ ਜੰਗਲਾਂ ਦੇ,
ਛਡਨ ਪਿਆਰੜੇ ਬਲਖ ਬੁਖਾਰਿਆਂ ਨੂੰ !
ਮਾਲਕ ਹੋਇਕੇ ਮੁਲਕ ਮਤਾਹ ਵਾਲੇ,
ਕੂੜਾ ਸੁਟ ਕੇ ਕਰਨ ਗੁਜਾਰਿਆਂ ਨੂੰ !
ਝਾਂਗੀ ਝਖੜਾਂ ਦਾ ਨਾ ਕੁਝ ਫਿਕਰ ਕਰਕੇ,
ਮਿਲਨ ਲੰਘ ਝਨਾਂ ਪਿਆਰਿਆਂ ਨੂੰ !
ਕਚੇ ਘੜੇ ਦੀ ਨਾ ਪਰਵਾਹ ਕਰਕੇ,
ਠਿਲ ਪੈਂਦੜੇ ਲੈਣ ਲੁਕਾ ਜਾਨੀ !
ਰੀਤ ਟੁੱਟ ਨਾ ਜਾਏ ਪਰੀਤ ਵਾਲੀ,
ਦੇਦੇ ਜਾਨ ਨੂੰ ਕਰ ਵਿਦਾ ਜਾਨੀ !

—o—

## ਨਹੀਂ ਸੁਝਦਾ ਪੀਣ ਤੇ ਖਾਣ ਸਾਨੂੰ

ਕਰਨ ਦਰਸ ਮੈਹਬੂਬ ਦਾ ਤੁਰ ਪੈਂਦੇ,
ਦੇਣ ਆਪਣਾ ਆਪ ਵੰਞਾ ਜਾਨੀ !
ਮਰ ਮਿਟਦੇ ਸਿਕ ਮੈਹਬੂਬ ਵਾਲੇ,
ਦੇਨ ਆਪਨਾ ਆਪ ਗਵਾ ਜਾਨੀ !

—o—

ਕਿਤੇ ਪਰੇਮ ਮਤਵਾਲੜੇ ਹੋਣ ਸਦਕੇ,
ਕਰਨ ਆਪ ਨੂੰ ਓਹ ਕੁਰਬਾਨ ਪਿਆਰੇ !
ਧਰਮੀ ਧਰਮ ਦੇ ਨਾਲ ਪਿਆਰ ਪਾਕੇ,
ਪਏ ਆਪਨੇ ਅੰਗ ਕਟਾਨ ਪਿਆਰੇ !
ਝੂਟੇ ਝੂਟਦੇ ਚਰਖੜੀ ਚੜ੍ਹ ਕਰਕੇ,
ਤਤਿਆ ਤਵਿਆਂ ਤੇ ਬੈਠਦੇ ਆਨ ਪਿਆਰੇ !
ਛਾਤੀ ਆਪਣੀ ਕਢਕੇ ਅਗਾਂ ਜਾਂਦੇ,
ਮਥੇ ਸਾਮਨੇ ਗੋਲੀਆਂ ਖਾਨ ਪਿਆਰੇ !
ਬੰਨ ਰੁਖਾਂ ਦੇ ਨਾਲ ਜਲਾਏ ਜਾਂਦੇ,
ਰੀਤ ਪਰੀਤ ਦੀ ਤੋੜ ਚੜ੍ਹ ਨ ਪਿਆਰੇ !

—o—

ਏਹੋ ਪ੍ਰੇਮ ਲਗਾ ਹੈ ਪਤੰਗ ਤਾਈਂ,
ਖੁਸ਼ੀ ਹੋਇਕੇ ਅੰਗ ਜਲਾਂਵਦਾ ਏ !
ਹਸ ਸਸ ਕੇ ਸੀਸ ਦੀ ਫੀਸ ਦੇਂਦਾ,
ਆਪਾ ਵਾਰ ਹੋ ਸਦਕੜੇ ਜਾਵਦਾ ਏ !
ਕੀ ਦੇਵੇਂ ਤੂੰ ਮੈਨੂੰ ਅਲਜ਼ਾਮ ਭਾਈ,
ਫਰਜ਼ ਆਸ਼ਕਾਂ ਦਾ ਤੁਰਿਆ ਆਵਦਾਂ ਏ !

ਏਨੀ ਕਰੇ ਨਾ ਜੇਕਰਾਂ ਓਹ ਮੀਆਂ,
ਫੇਰ ਅਸਲ ਅਸੂਲ ਭੁਲਾਂਵਦਾ ਏ।

—o—

ਜ਼ਰਾ ਕਰ ਤੂੰ ਮਨ ਵਿਚਾਰ ਲੈ ਖਾਂ,
ਪਰੀਤ ਪਰੇਮ ਦੀ ਪਾਵਣੀ ਖ਼ਰੀ ਔਖੀ।
ਔਖੀ ਨਿਰੀ ਹੀ ਨਹੀਂ ਏਹ ਪਰੀਤ ਪਾਣੀ,
ਸਗੋਂ ਖ਼ੂਨ ਦੀ ਲਾਵਣੀ ਝੜੀ ਔਖੀ।
ਹਰੀ ਭਰੀ ਕਰਨੀ ਖੇਤੀ ਪ੍ਰੇਮ ਵਾਲੀ,
ਘਰੀ ਘਰੀ ਘੁਮਾਮਣੀ ਤਰੀ ਔਖੀ।
ਘਾਲ ਘਾਲਣ ਇਸ ਦੀ ਅਤ ਮੁਸ਼ਕਿਲ,
ਸਿਰੀ ਹੈ ਚਿਥਵਨੀ ਬੜੀ ਔਖੀ।

—o—

ਆਨ ਸ਼ਾਨ ਤੇ ਮਾਨ ਨੂੰ ਰਖਣੇ ਲਈ,
ਪਰੀਤ ਮੁਲਕ ਦੇ ਨਾਲ ਜੇ ਤੁਸਾਂ ਲਾਈ।
ਲੈਣਾ ਹੱਕ ਜਮਾਂਦਰੂ ਆਪ ਵਾਲਾ,
ਇਸ ਕਾਰਨੇ ਚਕਿਆ ਚੌਣ ਭਾਈ।
ਇਹੋ ਕਰੋ ਖਾਂ ਤੁਸੀਂ ਵੀ ਕਾਰ ਭਾਈਓ,
ਸੀਸ ਲਾਣ ਦਾ ਕਰੋ ਉਪਾ ਭਾਈ।
ਫਿਕਰ ਜਾਨ ਦਾ ਉਕਾ ਭੁਲਾ ਦੇਵੋ,
ਲਵੋ ਮਰਨ ਦਾ ਖੌਫ ਉਠਾ ਭਾਈ।

—o—

## ਕਵੀ ਭਿਖਸ਼ਕ ਡੋਹਿ ਗਵਾਰ।

ਹੈ ਵਾਹਿਗੁਰੂ ਦੇ ਪ੍ਰੇਮ ਪਿਆਲਾ,

ਜਿਸ ਨੂੰ ਪੀ ਮੈ ਹੋ ਆਨੰਦ ਜਾਵਾਂ!
ਪ੍ਰੀਤ ਵਤਨ ਦੀ ਭਰ ਜਾਇ ਦਿਲ ਅੰਦਰ,
ਕਰ ਪਰੀਤ ਮੈ ਹੋ ਮਿਰਗਿੰਦ ਜਾਵਾਂ!
ਮਰ ਮਿਟਨ ਦਾ ਖੌਫ ਸਭ ਉਠ ਜਾਵੇ,
ਮੈ ਤਾਂ ਵਾਂਗ ਪਤੰਗ ਉਡੰਦ ਜਾਵਾਂ!
ਸੋਹਣੀ ਵਾਂਗ ਦੇ ਪਰੇਮ ਦੀ ਚਿੜੰਗ ਰਤੀ,
ਮੈ ਤਾਂ ਪਾਰ ਝਨਾਂ ਹੋ ਪੰਦ ਜਾਂਵਾਂ!

---o---

ਜੇ ਤਾਂ ਐਤਨਾ ਮੰਨ ਸਵਾਲ ਲੈ ਤੂੰ,
ਤਾਂ ਮੈਂ ਵਤਨ ਤੋਂ ਘੋਲ ਘੁਮਾਵਾਂ ਪਿਆਰੇ!
ਵਾਰੇ ਘੋਲੜੇ ਹੋਰ ਅਜ਼ਾਦੀ ਤੋਂ ਮੈਂ,
ਹੁਕਮ ਗੁਰਾਂ ਦਾ ਸਦਾ ਬਜਾਵਾਂ ਪਿਆਰੇ!
ਭੈ ਕਿਸੇ ਤੇ ਲਾ ਨਾ ਮੂਲ ਦੇਵਾਂ,
ਸਦਾ ਜਾਨ ਨੂੰ ਵਤਨ ਤੇ ਲਾਵਾਂ ਪਿਆਰੇ!
ਕੋਈ ਕਰਾਂ ਨਾ ਮੂਲ ਅਪਰਾਧ ਸਾਈਆਂ,
ਹੋਵਾਂ ਸਦਾ ਹੀ ਤੇਰਾ ਕੈਹਲਾਵਾ ਪਿਆਰੇ!

---o---

ਨਾਲੇ ਦਯਾ ਤੂੰ ਕਰ ਹਿੰਦ ਵਾਸੀਆਂ ਤੇ,
ਪ੍ਰੇਮ ਵਤਨ ਵਾਲਾ ਦਿਲ ਪੈ ਜਾਏ
ਸਭ ਕੂੜ ਕੁਸਤ ਹੋ ਦੂਰ ਜਾਵਨ,
ਜੇ ਕਰ ਐਤਨਾ ਦਰਦ ਕਰ ਲੈ ਜਾਏ!

---o---

## "ਦੁਖੀ ਆਪ ਬਾਝੋਂ ਵਾਲ ਵਾਲ ਹੋਇਆ"

ਕਲਗੀ ਵਾਲਿਆ ਸਾਈਆਂ ਮੈਂਡਿਆ ਵੇ,
ਵਿਛੜ ਤੁਧ ਥੀਂ ਜਿੰਦ ਬੇਹਾਲ ਹੋਈ!
ਪਿਆ ਸੈਹਵਣਾ ਬਿਰਹੋਂ ਦਾ ਦੁਖ ਹਾਇ,
ਖਾਣਾ ਪੀਵਣਾ ਭੁਲਿਆ ਜਾਲ ਹੋਈ!
ਚਾਵ ਸੇਜ ਤੇ ਨੀਂਦ ਕੀ ਆਵੇ ਉਸ ਨੂੰ?
ਜੇਹੜੀ ਛੁਰੀ ਦੇ ਨਾਲ ਹਲਾਲ ਹੋਈ!
ਜੀਂਦਾ ਰੁਸ ਪਿਆਰਾ ਗਿਆ ਹੋਰ ਵੰਨੀ,
ਓਹਨੂੰ ਕਾਸਦੀ ਸੁਰਤ ਸੰਭਾਲ ਹੋਈ!
ਓਹ ਨੂੰ ਸ਼ੌਕ ਕਾਹਦਾ ਜ਼ੇਵਰ ਪੈਨ੍ਹਣੇ ਦਾ,
ਜੇਹੜੀ ਮੇਹਣਿਆਂ ਨਾਲ ਪਾਮਾਲ ਹੋਈ!
ਸਾਈਆਂ ਵਿਛੜੀ ਨੂੰ ਕਈ ਸਾਲ ਬੀਤੇ,
ਪਏ ਸੈਹਵਣੇ ਦੁਖ ਪ੍ਰਾਲ ਹੋਈ!
ਓਹਦਾ ਜ਼ਿਕਰ ਨ ਮੁਝ ਥੀਂ ਹੋ ਸਕੇ,
ਮੈ ਤਾਂ ਪਿਆਰਿਆ ਬੜੀ ਨਿਢਾਲ ਹੋਈ!
ਬਾਗ ਖੇਤ ਜੇਹੜਾ ਲਾਇਆ ਨਾਲ ਦੁਖਾਂ,
ਖੂਨ ਸਿੰਚ ਕੇ ਘਾਲਿਆ ਘਾਲ ਜੋਈ!
ਥਾਂਓਂ ਪਾਣੀ ਦੀ ਲੋਹੂ ਨੂੰ ਬੰਨ੍ਹ ਦਿਤਾ,
ਹਾਇ ਜ਼ਾਲਮਾਂ ਹਥੋਂ ਪਰਾਲ ਹੋਈ!
ਝੁਲੀ ਆਨ ਰੰਗ ਦੀ ਵਾਓ ਭੈੜੀ,
ਪਤੇ ਡਾਲੀਆਂ ਉਪਰ ਕੋਤਵਾਲ ਹੋਈ!
ਕਈ ਤੋੜਕ ਕੇ ਬੂਟੇ ਨਖੇੜ ਡਾਲੇ,
ਖਲਲ ਵਿਚ ਬਹਾਰ ਗਰਮਾਲ ਹੋਈ!

ਵਿਤੇ ਖਤ ਖੁਲਸਾ ਆ ਵਾਲੀਆਂ ਦੇ,
ਗਤਮੀ ਕੈਹਰ ਦੀ ਬਰਸ ਉਛਾਲ ਹੋਈ!

—o—

ਮੇਰੇ ਸਾਹਿਬਾ ਆਨ ਕੇ ਦਰਸ ਦੇ ਜਾ,
ਕਮਲੀ ਆਪ ਦੀ ਹੀਰ ਸਿਆਲ ਹੋਈ!
ਆਵੀਂ ਦਰਸ ਦਿਖਾਵੀਂ ਤਰਸੰਦੜੀ ਨੂੰ!
ਮੈਂ ਤਾਂ ਆਪ ਬਿਨ ਬੜੀ ਬੇਹਾਲ ਹੋਈ!
ਅਜ ਜ਼ਾਲਮਾਂ ਲੁਟ ਏਹਾਲ ਕੀਤਾ,
ਦੁਖੀ ਆਪ ਬਾਝੋਂ ਵਾਲ ਵਾਲ ਹੋਈ!
ਦਯਾ ਕਰੀਂ ਤੂੰ ਆਨ ਨਮਾਨੜੀ ਤੇ,
ਤੇਰੇ ਮੁਖ ਦੀ ਭੁਖ ਕਮਾਲ ਹੋਈ!

—o—

ਭਲੀ ਘਰਾਂ ਥੀਂ ਮਿਲਨ ਉਸ ਯਾਰ ਤਾਈਂ,
ਜੇਹੜਾ ਪਾਰ ਝਨਾਂ ਥੀਂ ਪਾਇ ਕੁੱਲੀ!
ਛਡ ਆਪਣੇ ਬਲਖ ਬੁਖਾਰੜੇ ਨੂੰ,
ਚੂਰੀ ਛਡ ਚਬਾਂਵਦਾ ਸੁਕੀ ਗੁੱਲੀ!
ਐਪਰ ਮਸਤ ਇਕ ਯਾਰ ਦੀ ਦੀਦਨਾ ਚੁ,
ਸੁਰਤ ਐਸ਼ ਆਰਾਮ ਦੀ ਸਭ ਭੁਲੀ!
ਤੁਰੀ ਉਸਦਾ ਲੈਣ ਲੁਕਾ ਸੋਹਣੀ,
ਸੋਹਣੀ ਕਾਰਨੇ ਸੋਹਣੀ ਦੀ ਲਾਸ਼ ਤੁੱਲੀ!

—o—

ਠੇਡੇ ਖਾਂਵਦੀ ਖੌਫ ਹਟਾਂਵਦੀ ਚਾ,

ਗੀਤ ਗਾਂਵਦੀ ਵਲ ਮਹੀਂਵਾਲ ਤੁਰ ਪਈ !
ਕਚੇ ਘੜੇ ਨੂੰ ਚਾ ਉਠਾ ਲੈਂਦੀ,
ਸਿਧੀ ਯਾਰ ਦਾ ਲੈਣ ਜਮਾਲ ਤੁਰ ਪਈ !
ਕਚਾ ਕਰਨ ਪੱਕਾ ਸਚਾ ਪਰੇਮ ਤਾਈਂ,
ਠਿਲ ਵਿਚ ਝੱਨਾਂ ਦੇ ਖਿਆਲ ਤੁਰ ਪਈ !
ਬਾਜੀ ਨਾਲ ਵਣਜਾਰੇ ਇਸ਼ਕ ਲਾਈ,
ਪੂਰਾ ਓਸਦਾ ਕਰਨ ਸਵਾਲ ਤੁਰ ਪਈ !

—o—

ਕਿੱਨਾ ਤੀਕ ਕਚੇ ਰੈਹਣਾ ਸਾਂਗ ਪੱਕਾ,
ਅੰਤ ਕਚੜੇ ਸਾਥ ਨੂੰ ਛੋੜ ਦਿੱਤਾ !
ਹੱਕ ਹੱਕ ਦੀ ਲਗੀ ਆਵਾਜ਼ ਆਵਨ,
ਸੋਹਣੀ ਆਪਣਾ ਆਪ ਨਘੋੜ ਦਿੱਤਾ !
ਹਾਇ ! ਹਾਇ !! ਤੂੰ ਪਾਪੀਆ ਕੈਹਰ ਕੀਤਾ,
ਐਵੇਂ ਭੈੜਿਆ ਸਾਥ ਵਿਛੋੜ ਦਿੱਤਾ !
ਤੂਹਾ ਦੁਸ਼ਮਣਾਂ ਤੇਰਾ ਇਤਬਾਰ ਕੀ ਸੀ,
ਨਿਹੁੰ ਨਾਲ ਬੁਤਦੇ ਕਾਹਨੂੰ ਜੋੜ ਦਿੱਤਾ !

—o—

ਐਪਰ ਐਤਨਾ ਮੰਨ ਸਵਾਲ ਸਾਡਾ,
ਸੁਨੇਹਾਂ ਦੇਵਣਾ ਯਾਰ ਪਿਆਰਿਆਂ ਨੂੰ !
ਤੇਰਾ ਮਾਲ ਬਦੇਸੜੀ ਲੁਟ ਲੈ ਗਏ,
ਤੇਰੇ ਚੌੜ ਕਰ ਗਏ ਚੁਬਾਰਿਆਂ ਨੂੰ !
ਮੱਝੀ ਚਾਰੀਆਂ ਝਾਗੀਆਂ ਕਠਨ ਤਾਈਆਂ,
ਛਡ ਦਿਤੜਾ ਬਲਖ ਬਖਾਰਿਆਂ ਨੂੰ !
ਲਗੇ ਡੁਬਣ ਓਹ ਘਲ ਸਿਵਰਾਜ ਬੇੜੀ,

ਤੈਨੂੰ ਆਨਮਿਣ ਸਨ ਕਰੀਂ ਤਿਆਰਿਆਂ ਨੂੰ !

ਗ਼ਜ਼ਲ !

ਕਿ ਭਾਰਤ ਵਰਸ਼ ਹੁਣ ਤੂੰ ਵੀ, ਤਾਂ ਕੁਛ ਸਮਝਾਨ ਪੈਦਾ ਕਰ !
ਜ਼ੁਲਮ ਦੇ ਬੰਦ ਕਰਨ ਦਾ, ਕੋਈ ਦਿਰਮਾਨ ਪੈਦਾ ਕਰ !
ਕਿਥੇ ਓਹ ਬੀਰ ਤੇਰੇ ਨੇ, ਜਿਨਾਂ ਦੀ ਧਾਕ ਸੁਣ ਸੁਣਕੇ,
ਅਰਸ਼ ਬੁਢਾ ਵੀ ਕੰਬਦਾ ਸੀ, ਉਹਾ ਬਲਵਾਨ ਪੈਦਾ ਕਰ !
ਸਣੇ ਜ਼ਾਲਮ ਜ਼ੁਲਮ ਤਾਈਂ, ਜਿਨਾਂ ਨੇ ਗਰਕ ਸੀ ਕੀਤਾ,
ਓਹੀ ਇਨਸਾਨ ਪੈਦਾ ਕਰ, ਓਹੀ ਜਿੰਦ ਜਾਨ ਪੈਦਾ ਕਰ !
ਕਿ ਰਾਵਣ ਜਹੇ ਪਾਪੀ ਫੜ, ਸਣੇ ਕੁੰਭ ਕਾਨ ਜਿਨਾਂ ਨੇ,
ਪਛਾੜੇ ਵਿਚ ਅਖਾੜੇ ਦੇ, ਓਹ ਰਾਮ ਹਨੂਮਾਨ ਪੈਦਾ ਕਰ !
ਹਰੀ ਚੰਦ ਜਹੇ, ਸਤਜਾਵਾਦੀ, ਕਿ ਭਾਰਤ ਲੋਪ ਨੇ ਕਿਥੇ?
ਜਗਾ ਦੇ ਧਰਮੀਆਂ ਤਾਈਂ, ਕਿ ਹੁਣ ਕੁਛ ਸ਼ਾਨ ਪੈਦਾ ਕਰ !
ਕਿ ਭੀਸ਼ਮ ਸੇ ਸਤੀ ਜੋਧੇ, ਕਿ 'ਅਰਜਨ' ਸੇ ਧਨਸ਼ ਧਾਰੀ,
ਕਿ ਜਾਏ ਆਪਣੇ ਹੁਣ ਭੀਮ, ਸੇ ਇਨਸਾਨ ਪੈਦਾ ਕਰ !
ਗੁਰੂ ਗੋਬੰਦ ਸਿੰਘ ਜੀ ਸੇ ਕਿ ਦਰਦੀ ਦੇਸ਼ ਕਰ ਪੈਦਾ,
ਕਿ ਵਾਰਨ ਤਨ ਤੇ ਮਨ ਜੇਹੜੇ ਓਹ ਅਣਖ-ਵਾਨ ਪੈਦਾ ਕਰ !
ਕਿ ਚਾਰੇ ਲਾਲ ਵੀ ਵਾਰੇ ਸਹੇ ਸਨ ਕਸ਼ਟ ਵੀ ਭਾਰੀ,
ਆਹ ! ਆਪਾ ਵਾਰ ਵੀ ਦਿਤਾ ਓਹੀ ਸੰਤਾਨ ਪੈਦਾ ਕਰ !
ਹਨ ਤੇਤੀ ਕ੍ਰੋੜ ਜਾਨਾਂ ਇਹ ਨਿਰੀਆਂ ਜਾਨਾਂ ਹੀ ਜਾਨਾਂ,
ਇਨਾਂ ਵਿਚ ਅਣਖ ਤੂੰ ਪਾਕੇ ਕਿ ਧਰਮੀ ਜਾਨ ਪੈਦਾ ਕਰ !
ਕਿ ਬਣਕਾਇਰ ਨਾਭਜਨਿਕਲਨਆਜ਼ਾਦੀਵਾਲੇ ਜੰਗ ਵਿਚੋਂ,
ਕਿ ਧੀਰਜ ਅਣਖ ਪੈਦਾ ਕਰ ਕਿ ਕੌਮੀ ਆਨ ਪੈਦਾ ਕਰ !
ਆਹ! ਜ਼ਾਲਮ ਲੁਟ ਰਹੇ ਤੈਨੂੰ ਉਠਾ ਹੁਣ ਆਪਣੇ ਪੁਤਰਾਂ ਨੂੰ,
ਕਿ ਆਪਣੇ ਬਾਗ ਦਾ ਰਾਖਾ ਕੋਈ ਨਿਗਾਹਵਾਨ ਪੈਦਾਂ ਕਰ !

ਤੇਰੇ ਇਸ ਟੈਹਕਦੇ ਗੁੱਚੇ ਦੇ ਤੋੜੇ ਫੁਲ ਗੁਲਜੀ ਚੀਂਨੇ,
ਕਿ ਪੈਹਰੇ ਵਾਸਤੇ ਮਾਤਾ ਕੋਈ ਬਲਵਾਨ ਪੈਦਾ ਕਰ।
ਏਹੋ "ਆਜ਼ਾਦ" ਦੀ ਖਾਹਸ਼ ਕਿ ਤੂੰ ਆਜ਼ਾਦ ਹੋ ਜਾਏਂ,
ਬਹਾਦਰ ਬੀਰ ਪੈਦਾ ਕਰ, ਕਈ ਬਲਵਾਨ ਪੈਦਾ ਕਰ।

## "ਮਾਛੀ ਵਾੜੇ ਦੇ ਜੰਗਲਾਂ ਵਿਚ ਪ੍ਰੀਤਮ ਦੇ ਦਰਸ਼ਨ"

( ੧ ) ਜ਼ਰਾ ਤੱਕਨਾ ਵੀਰ ਵੇ! ਨੀਝ ਲਾਕੇ,
ਏਸ ਸੰਘਣੇ ਜਹੇ ਬੀਆਬਾਨ ਵੱਲੇ!
ਇਨ੍ਹਾਂ ਝਾੜੀਆਂ ਅਤੇ ਉਜਾੜੀਆਂ ਨੂੰ,
ਜੰਡਾਂ ਅਤੇ ਕਰੀਰਾਂ ਦੀ ਸ਼ਾਨ ਵੱਲੇ!
ਸ਼ੇਰਾਂ ਗਿਦੜਾਂ ਚੀਤਿਆਂ ਜ਼ੈਹਰੀ ਸੱਪਾਂ,
ਅਤੇ ਬਾਂਦਰਾਂ ਸਣੇ ਮਿਰਗਾਨ ਵੱਲੇ!
ਸਾਂਗ ਰਾਤ ਦਾ ਰੁਤ ਸਿਆਲ ਸੰਦੀ,
ਜ਼ਰਾ ਝਾਕਨਾ ਉਤਾਂ ਅਸਮਾਨ ਵੱਲੇ!
ਐਹੋ ਜਹੇ ਘਨਾਉਨੇ ਜੰਗਲਾਂ ਚੋਂ,
ਕਿਸੇ ਰੱਬੀ ਔਤਾਰ ਦੀ 'ਸਦ' ਨਿਕਲੀ!
ਨਾਲ ਦਰਦ ਦੇ ਹੌਰਵੀ ਹੋਈ ਉਚੀ,
ਜਾਂਪੇ ਇੰਦ ਕਰਤਾਰ ਦੀ ਸੱਦ ਨਿਕਲੀ!

———o———

( ੨ ) ਮੇਰੇ ਸਾਈਂ ਨੂੰ ਜਾਇ ਇਕੇ ਪਿਆਰ ਸੇਤੀ,
ਕੈਹਣਾ ਹਾਲ ਮੁਰੀਦਾਂ ਦਾ ਪਿਆਰਿਆਂ ਨੂੰ!
ਤੇਰੇ ਬਿਨਾਂ ਹੈ ਮਿਤਰਾ ਰੋਗ ਭਾਰੀ,
ਅਤੇ ਨਾਗਾਂ ਦੀ ਸੇਜ ਸਵਾਰਿਆਂ ਨੂੰ!

ਸਰਾਹੀਆਸੂਲਤੇਖੰਜਰਪਜਾਲੇਦਿਸਨ
ਅਤੇ ਬਿੰਭ ਕਸਾਈਆਂ ਦਾ ਤਾਰਿਆਂ ਨੂੰ !
ਰੈਹਣਾ ਖ਼ੇੜਿਆਂ ਵਿਚਮੈਂ ਭੱਠ ਪ ਵਾਂ,
ਵਾਹ! ਵਾਹ!! ਯਾਰ ਦੇ ਮਥਰ ਰੁ ਜ਼ਾਰਿਆਂ ਨੂੰ !
ਮੈਂ ਤਾਂ ਭੁਲਿਆ ਨਹਿ ਪਰ ਨਾਮ ਕੀਤੀ,
ਆਪਣੇ ਗੁਰੂ ਪਿਆਰੇ ਬਾਜਾਂ ਵਾਲੜੇ ਨੂੰ !
ਜੇੜ੍ਹਾ ਛਡ ਪ੍ਰਵਾਰ ਘਰਬਾਰ ਆਯਾ,
ਵਾਰ ਕੌਮ ਉਪਰ, ਤਾਜਾਂ ਵਾਲੜੇ ਨੂੰ !

——o——

( ੩ ) ਹਾਇ! ਹਾਇ!! ਕੀ ਵੇਖ ਜਾਅ ਗੁਾਂ ਜਾਕੇ,
ਜ਼ਖਮਾਂ ਨਾਲ ਪਿਆਰਾ ਹਾ! ਨਵਾਲ ਹੋਇਆ !
ਸੋਹਣੇ ਚਰਨ ਹਾਇ! ਛੇਕੋ ਛੇਕ ਹੋਏ,
ਬਾਣਾ ਲਹੂ ਦੇ ਨਾਲ ਗੁਲਾਲ ਹੋਇਆ !
ਬਦਨ ਨਾਲ ਫੱਟਾਂ ਚਕਨਾ ਚੂਰ ਹੋਯਾ,
ਐਪਰ ਮੁਖ ਸੋਹਣਾ ਲਾਲੋ ਲਾਲ ਹੋਇਆ !
ਪਈ ਸੱਦ ਕਰਤਾਰ ਕਰਤਾਰ ਆਵੇ,
ਗਮ ਦਿਸੇ ਨਾ ਰਤੀ ਰਵਾਲ ਹੋਇਆ
ਢਠਾ ਜਾਏ ਚਰਨੀ ਪੁਛਯਾ ਸਾਈਂ ਕੋਲੋਂ,
ਪ੍ਰੀਤਮ ! ਦਸਨਾ ਹਾਲ ਪਿਆਰ ਸੇਤੀ !
ਕਿਉਂ ਤੂੰ ਐਸ ਵੇਲੇ ਐਨਾ ਖੁਸ਼ੀ ਥੀਵੇਂ,
ਸਾਈਂ ! ਦਸਨਾ ਜ਼ਰਾ ਵਿਚਾਰ ਸੇਤੀ !

ਉਤਰ

( ੪ ) ਚਾਰੇ ਲਾਲ ਵਾਚੇ ਦੁਖੀ ਦੇਸ਼ ਉਪਰ,
ਤੇ ਘਰਬਾਹਰ ਲਾਯਾ ਉਪਰ ਕੌਮ ਪਿਆਰੀ !

ਮੈਹਲ ਮਾੜੀਆਂ ਛਡਅਟਾਰੀਆਂ ਨੂੰ,
ਖਾਤਰ ਦੀਨ ਦੁਖੀਆਂ ਖੇਡੀ ਖੇਡ ਸਾਰੀ!
ਜ਼ਖਮੀ ਹੋਂਵਦੇ ਸਹੇਨਾ ਗੁਏ ਜ਼ਖਮੀ,
ਖਾਤਰ ਜ਼ਖਮੀਆਂ ਦੀ ਖਾਦੇ ਜ਼ਖਮ ਕਾਰੀ!
ਮੈਂ ਬਲਿਹਾਰ! ਬਲਿਹਾਰ!! ਬਲਿਹਾਰ!!! ਹੋਜਾ,
ਜਿੰਦ ਜਾਨ ਆਪਣੀ ਉਪਰ ਕੌਮ ਵਾਰੀ!
ਜੇਕਰ ਕੌਮਕਾਰਨ ਤਨਮਨ ਲਗਨ,
ਨਾਲ ਧਨ ਬਲਹਾਰ ਪਰਵਾਰ ਹੋਵੇ!
ਇਸ ਤੋਂ ਵਧ ਖੁਸ਼ੀਆਂ ਹੋਣ ਕਿਉਂ ਨਾਂ ਫਿਰ,
ਜੇਕਰ ਜਿੰਦੜੀ ਵੀ ਏਹ ਨਸਾਰ ਹੋਵੇ!

—o—

## "ਵਤਨ ਪਿਆਰੇ ਭਾਰਤ ਤਾਈਂ, ਭੁਜਦਿਆਂ ਆਵੇ ਵਾਰ ਨਾਹੀਂ"

ਜ਼ੁਲਮ ਪਾਪ ਦੀ ਭੱਠੀ ਪਈ ਭਖਦੀ,
ਆਵਾ ਭਖੇ ਘੁਮਾਰ ਨਾਹੀਂ!
ਬਦਲ ਕੈਹਰ ਦੇ ਸਿਰ ਪੁਰ ਛਾਏ,
ਘਟਾਂ ਪਾਪ ਦੀਆਂ ਛਾਈਆਂ ਨੇ!
ਗੜੇ ਪੈਣ ਅਨਿਆਂ ਜਬਰ ਦੇ,
ਖੇਤੀਆਂ ਨਾਸ ਕਰਾਈਆਂ ਨੇ!
ਧਰਮ ਰਾਜ ਤੇ ਜ਼ੁਲਮ ਸ਼ਾਹ ਨੇ,
ਕੀਤੀਆਂ ਆਕੇ ਧਾਈਆਂ ਨੇ!
ਬਿਜਲੀ ਕੜ ਕੜ ਸਿਰਤੇ ਗਰਜੇ,
ਔਂਦਾ ਵਾਰ ਨਾ ਪਾਰ ਨਹੀਂ! ਵਤਨ ਪਿਆਰੇ ਭਾਰਤ...

ਕਦੀ ਤਾਂ ਬਜ ਬਜ ਘਾਟ ਵਰੇਂਦੇ,
ਹਿੰਦੀ ਬੀਰ ਜਲਾਵਨ ਨੂੰ !
ਤਾੜ ਤਾੜ ਆ ਗੋਲੀਆਂ ਮਾਰਨ,
ਦਰਦੀ ਦੇਸ਼ ਮੁਕਾਵਨ ਨੂੰ !
ਧਰ ਕੇ ਰੂਪ ਕਸਾਈਆਂ ਵਾਲਾ,
ਲਾਲ ਗੁਰੂ ਕਤਲਾਵਨ ਨੂੰ !
ਕਦੀ ਆ ਜਲਿਆਂ ਬਾਗ ਵਸਦੇ,
ਮਾਰਨਇਕਦੋ ਚਾਰ ਨਹੀਂ ! ਵਤਨ ਪਿਆਰੇ ਭਾਰਤ...
ਪੁਛੋ ਜਾਕੇ ਮਾਵਾਂ ਕੋਲੋ,
ਲਾਲ ਜਿਨਾਂ ਦੇ ਲਧ ਗਏ !
ਨਾਲ ਬੇਦਰਦੀ ਕੁਸੇ ਜੇਹੜੇ,
ਕੰਮ ਘਰਾਂ ਦੇ ਛੱਡ ਗਏ !
ਪਲੇ ਛਾਈਆਂ ਨਾਰਾਂ ਛਡਕੇ,
ਦੇਸ਼ ਹਿਤ ਕਰ ਅਡ ਗਏ !
ਭੈਣਾਂ ਰੋ ਰੋ ਹਾਵਾਂ ਮਾਰਨ,
ਪਿਟਦੀਆਂਆਵੇਵਾਰਨਹੀਂ ! ਵਤਨਪਿਆਰੇਭਾਰਤ...
ਕਦੀ ਤਾਂ ਜਾ 'ਨਣਕਾਣੇ' ਵੇਖੋ,
ਧਰਕੇ ਰੂਪ ਕਸਾਈਆਂ ਦਾ !
ਨਾਲ ਬੇਦਰਦੀਆਂ ਕੁਟਦੇ ਵੇਖੋ,
ਦੇ ਦੇ ਮਜ਼ਾ ਵਢਾਈਆਂ ਦਾ !
ਪੁਠੇ ਬੰਨ ਬੰਨ ਸਾੜਨ ਜ਼ਾਲਮ,
ਵੇਖੋ ਚਾਲਾ ਰਾਹੀਆਂ ਦਾ !
ਜਿੰਦੇ ਸਾੜੇ ਦੇਗੀਂ ਚਾੜੇ,
ਦੁਸ਼ਟਾਂਸੁਨੀ ਪੁਕਾਰ ਨਹੀਂ ! ਵਤਨਪਿਆਰੇਭਾਰਤ...

ਜੇਹਲਾਂ ਅੰਦਰ ਫੜ ਫੜ ਪਾਂਦੇ,
ਦਰਦੀ ਦੇਸ਼ ਸਤਾਰਿਆਂ ਨੂੰ !
ਲਾਡਲੇ ਭਾਰਤ ਮਾਤ ਦਿਆਂ ਨੂੰ,
ਪੁਤਰ ਬੀਰ ਦੁਲਾਰਿਆਂ ਨੂੰ !
ਦੇਸ਼ ਭਗਤ ਤੇ ਲੀਡਰਾਂ ਤਾਈਂ,
ਫੜਕੇ ਵਤਨ ਪਿਆਰਿਆਂ ਨੂੰ !
ਇਜ਼ਤ ਲਾਂਹਦੇ ਸ਼ਕਲ ਗਵਾਂਦੇ;
ਮਠੀ ਕਦੇ ਰਫਤਾਰਨਹੀਂ ! ਵਤਨ ਪਿਆਰੇ ਭਾਰਤ...
ਕਦੀ ਆ ਵਰ੍ਹਦੇ ਬਾਗ ਗੁਰੂ ਕੇ,
ਭੈੜੇ ਇਹ ਮੁਕਾਰ ਕੋਈ !
ਗਿਟੇ ਤੋੜਨ ਗੋਡੇ ਭਨਣ,
ਡਾਂਗਾਂ ਦੀ ਭਰਮਾਰ ਹੋਈ !
ਇਕ ਨਾ ਦੋ ਸੌ ਗਿਣਤੀ ਵਾਲੀ,
ਗਿਣਤੀ ਡੇਢ ਹਜ਼ਾਰ ਹੋਈ !
ਕਈ ਹਜ਼ਾਰਾਂ ਜੇਹਲੀਂ ਪਾਏ,
ਪਾਪਦਾ ਪਾਰਾਵਾਰ ਨਹੀਂ ! ਵਤਨ ਪਿਆਰੇ ਭਾਰਤ...
ਹੁਣ ਤਾਂ ਵਸੇ ਜ਼ੋਰੋ ਜ਼ੋਰੀ,
ਗੁਰ ਬਖਸ਼ੀਸ਼ ਦੁਬਾਇ ਲਈ !
ਬਾਗੀ ਆਖ ਕਮੇਟੀ ਤਾਈਂ,
ਜ਼ੁਲਮੀਂ ਹੱਦ ਕਰਾਇ ਲਈ !
ਫੜਕੇ ਲੀਡਰ ਜੇਹਲੀਂ ਪਾਏ,
ਅਤ ਘਨੇਰੀ ਚਾਇ ਲਈ !
ਐਪਰ ਟੁਟੀਵੀ ਹੈ ਜਾਣੋਂ ਰੈਂਹਣੀ,
ਸਦਾ ਬਹਾਰ ਨਹੀਂ ! ਵਤਨ ਪਿਆਰੇ ਭਾਰਤ...

# "ਜ਼ਾਬਰਾਂ ਦੀ ਜ਼ਾਬਰੀ ਤੇ ਸਾਬਰਾਂ ਦੀ ਸਾਬਰੀ ਦਾ, ਇਸ ਘਲੂ ਘਾਰੇ ਵਿਚ ਹੋਣਾ ਇਮਤਿਹਾਨ ਹੈ"

੧. ਗੁਰੂ ਮੇਹਰਵਾਨ ਹੋਇਆ ਤੁਟਾ ਜੇ ਦਿਆਲ ਹੋਕੇ,
ਦਿੱਤਾ ਚਿਰਾਂ ਪਿਛੋਂ ਅੱਜ ਸਾਈਂ ਨੇ ਧਿਆਨ ਹੈ।
ਟੁੰਬਕੇ ਜਗਾਯਾ ਤੇ ਉਠਾਯਾ ਪੈਹਰੇਦਾਰ ਬਨ,
ਆਪਣੇ ਹੀ ਭਾਣੇ ਵਿਚ ਆਇਆ ਘਮਸਾਨ ਹੈ।
ਜ਼ਾਲਮਾਂ ਦੀ ਸਫਾ ਦੇ ਵਲੇਟਣੇ ਨੂੰ ਆਪ ਗੁਰੂ,
ਚੁਕ ਕਰ ਪਾਪੀਆਂ ਨੂੰ ਤਾਇਆ ਤਾਂ ਮਹਾਨ ਹੈ।
ਜ਼ਾਬਰਾਂ ਦੀ ਜ਼ਾਬਰੀ ਤੇ ਸਾਬਰਾਂ ਦੀ ਸਾਬਰੀ ਦਾ,
ਹੋਣ ਲਗਾ ਏਸ ਘਲੂ ਘ ਰੇ ਇਮਤਿਹਾਨ ਹੈ।

—*:o:*—

੨. ਆਪਣੇ ਹੀ ਘਰ ਉਤੇ ਚੁਕਕੇ ਕਰਾਇਆ ਹੱਲਾ,
ਆਪ ਅੱਲਾ ਵਾਲਿਆਂ ਤੇ ਹੋਇਆ ਮੇਹਰਵਾਨ ਹੈ।
ਏਸ ਵਿਚ ਭੇਦ ਕੋਈ ਹੈਗਾ ਓਹਦੀ ਕੁਦਰਤਾਂ ਦਾ,
ਏਸਲਈ 'ਖਾਲਸਾ' ਜੀ ਹੋਇਆ ਨਾ ਹੈਰਾਨ ਹੈ।
ਕਲਾ ਵਰਤਾਈ ਕੋਈ ਦੇਸ਼ ਚੋਂ ਵਧਾਈ ਹੋਈ,
ਪਿੰਡੋ ਪਿੰਡ ਧਾਈ ਹੋਈ ਵੱਧ ਗਈ ਸ਼ਾਨ ਹੈ।
ਉਠਿਆ ਵੰਗਾਰ ਲਲਕਾਰ ਬੀਰ ਪੰਥ ਧੀਰ,
ਚਿਲੇ ਲਿਆ ਚਾੜ੍ਹ ਤੀਰ ਸ਼ਾਂਤੀ ਦੀ ਕਮਾਨ ਹੈ।

—o—

੩, ਇਕਬਨੇ 'ਜ਼ੁਲਮ' ਦੀਆ ਫੌਜਾਂਆਨ ਸਜ ਗਈਆਂ,
ਦੂਜੀ ਵਲ 'ਧਰਮ' ਨੇ ਆਪ ਲਾਇਆ ਤਾਨ ਹੈ।

'ਧੀਰਜ' 'ਸੰਤੋਖ' ਅਤੇ ਦਯਾ ਤਾਈਂ ਧਾਰ ਕਰ,
ਸਚ ਵਲ ਵਾਰਤੇ ਕਟਾਰ ਚਾਹੜੀ ਸਾਨ ਹੈ!
ਇਕ ਬਨੇ ਵਲ ਛਲ ਆ ਗਏ ਤਿਆਰੀ ਕਰ,
ਧਾਰੀ ਅਨੀਤੀ ਕੋਲ ਤਾਕਤ ਮਹਾਨ ਹੈ!
'ਜ਼ਾਬਰਾਂ ਦੀ ਜ਼ਾਬਰੀ ਤੇ ਸਾਬਰਾਂ ਦੀ ਸਾਬਰੀ ਦਾ,
ਏਸ ਘਲੂ ਘਾਰੇ ਹੋਣ ਲਗਾ ਇਮਤਾਨ ਹੈ!

—:-o-:—

੪. ਛਿੜ ਪਈ ਨਰਾਲੀ ਜੰਗ ਹੋਣ ਲਗੇ ਵਾਰ ਭਾਈ,
ਪਈ ਧੂੰਧੂ ਕਾਰ ਮਚ ਪਿਆ ਘਮਸਾਨ ਹੈ!
ਜਿਤੇ ਕੌਣ ਹਾਰੇ ਮੱਲ ਭਿੜ ਪਏ ਅਖਾੜੇ ਵਿਚ,
ਏਸ ਦੇ ਨਤੀਜੇ ਤਾਈਂ ਵੇਖਨਾ ਜਹਾਨ ਹੈ!
ਸਾਡੀ ਆਪ ਵਿੱਚ ਹੋਸੀ ਜਿੱਤ ਸਿੱਖ ਸਾਬਰਾਂ ਦੀ,
ਜ਼ਾਬਰਾਂ ਨੂੰ ਹਾਰ ਹੋਣੀ ਭਜ ਜਾਣੀ ਸਾਨ ਹੈ!
ਅੰਗ ਸੰਗ ਜੰਗ ਵਿਚ ਗੁਰੂ ਤਾਂ ਗੋਇੰਦ ਸਿੰਘ,
ਓਸੇ ਦਾ ਹੀ ਘਰ ਬਾਰ ਸਚ ਅਸਥਾਨ ਹੈ!

—o—।

੫. ਰਛਿਆ ਪਿਆਰੇ ਪ੍ਰਹਿਲਾਦ ਸੰਦੀ ਆਪ ਕੀਤੀ,
ਹਰਨਾਕਸ਼ ਨੂੰ ਮਾਰ ਨਖੇਪੇਟ ਕੀਆ ਜਾਨ ਹੈ!
ਆਨ ਬਾਨ ਸ਼ਾਨ ਰਖੀ ਜਾਇਕੇ ਦਰੋਪਤਾ ਦੀ,
ਮਾਰ ਕਰ ਰੂਪ ਲਈ ਸਾਰ ਭਗਵਾਨ ਹੈ!
ਰਾਜਿਆਂ ਨੂ ਰੰਕ ਕਰੇ ਰੰਕਾਂ ਨੂੰ ਦਵਾਏ ਤਾਜ,
ਕੀੜੀਆਂ ਦੀ ਫੌਜ ਤੋਂ ਹਰਾਇਆ ਸੁਲੇਮਾਨ ਹੈ!
ਹੋਵਸੀ ਪਰਖ ਏਸ ਜੰਗ ਵਿਚ ਸਾਰੀ ਯਾਰੋ,
ਏਸ ਘਲੂ ਘਾਰੇ ਹੋਣ ਲਗਾ ਇਮਤਾਨ ਹੈ!

# ਜਲੂਸ ਦੇ ਨਜ਼ਾਰੇ

## ਗੁਰਪੁਰਬ ਵਿਚ ਸੰਗਤਾਂ ਦਾ ਉਤਸ਼ਾਹ

ਥਾਓਂ ਥਾਈਂ, ਜਥੇ ਸੱਜ ਧੱਜ ਕਰਕੇ,
ਕਲਗੀ ਵਾਲੇ ਦੀ ਯਾਦ ਮਨਾਨ ਨਿਕਲੇ!
ਪੈਹਨ ਵਰਦੀਆਂ ਕਾਲੀਆਂ ਬੀਰ ਬਾਂਕੇ,
ਨਾਜ਼ ਬੁਲਬੁਲਾਂ ਵਾਂਗ ਉਠਾਨ ਨਿਕਲੇ!
ਆਪਣੇ ਦੁਖਾਂ ਦੀ ਲੜੀ ਨੂੰ ਜੋੜ ਕੇ ਤੇ,
ਪਿਆਰੇ ਗੁਰੂ ਦੇ ਤਾਈਂ ਸੁਨਾਨ ਨਿਕਲੇ!
ਆਮ ਸੰਗਤਾਂ ਨੂੰ ਗੁਝੇ ਸਲ ਆਪਣੇ,
ਖੋਹਲ ਪਟੀਆਂ ਬੀਰ ਦਖਲਾਨ ਿ ਕਲੇ!
ਸਤਿ ਸ੍ਰੀ ਅਕਾਲ ਦੇ ਬੋਲ ਨਾਹਰੇ,
ਲਈਆਂ ਸੰਗਤਾਂ ਫੇਰ ਪਰਦਖਨਾਂ ਏਂ!
ਮੱਥਾ ਟੇਕਿਆ ਜਾਇ ਹਜ਼ੂਰ ਅਗੇ,
ਸਾਡੇ ਵਾਲੀਆ ਲਿੰਗ ਤੈਂ ਰਖਨਾਂ ਏਂ!

—o—

ਹੋਕੇ ਕਠੀਆਂ ਤਖਤ ਅਕਾਲ ਅਗੇ,
ਕੁਲ ਸੰਗਤਾਂ ਬਾਂਕੀਆਂ ਸੱਜ ਤੁਰੀਆਂ!
ਪਿਆਰੇ ਪਿਤਾ ਦੇ ਪੁਰਬ ਮਨਾਵਣੇ ਨੂੰ,
ਦਿਲੀ ਰੱਖ ਉਤਸ਼ਾਹ ਤੇ ਭੱਜ ਤੁਰੀਆਂ!
ਮੇਟਣ ਜ਼ੁਲਮ! ਕੈਹਰ!! ਦੇ ਬਦਲਾਂ ਨੂੰ,
ਵਾਂਗ ਪੌਣ ਤ੍ਰਿਖੀ ਵੇਖੋ ਅੱਜ ਤੁਰੀਆਂ!
ਸੀਸ ਤਲੀ ਤੇ ਗਲੀ ਮੈਹਬੂਬ ਵੜੀਆਂ,

ਮਾਨੋਂ ਉਮਤਾਂ ਕੇ ਕਰਨ ਹੱਜ ਤੁਰੀਆਂ !
ਅਗੇ ਪੰਜ ਪਿਆਰੇ ਪਿਛੇ ਬੈਂਡ ਵਜੇ,
ਜੇਹੜਾ ਕਾਇਰਾਂ ਜੋਸ਼ ਵਧਾਇ ਰਿਹਾ !
ਰੱਸ ਪ੍ਰੇਮ, ਉਤਸ਼ਾਹ, ਤੇ ਜੋਸ਼ ਰਲਕੇ,
ਫਿਰੇ ਢਠਿਆ ਧੀਰ ਧਰਾਇ ਰਿਹਾ !

---o---

ਮਾਰਚ ਪਇ ਕਰਦੇ ਫ਼ੌਜੀ ਜਥੇ ਪਿਛੇ,
ਇਕੋ ਰੰਗ ਦੀਆਂ ਪੈਹਨ ਪੁਸ਼ਾਕੀਆਂ ਨੂੰ !
ਤੇਗਾਂ ਗਾਤਰੇ ਤੇ ਲੱਕ ਕਮਰਕਸੇ,
ਸੋਧਨ ਤੁਰੇ ਮਾਨੋਂ ਦੁਸ਼ਟ ਆਕੀਆਂ ਨੂੰ !
ਚੇਹਰੇ ਲਾਲੀਆਂ ਵਿਲੀ ਖੁਸ਼ਹਾਲੀਆਂ ਨੇ,
ਨਸ਼ੇ ਚੜ੍ਹੇ ਪਰੇਮ ਦੇ ਸਾਕੀਆਂ ਨੂੰ !
ਬਾਂਕੇ ਸੂਰਮੇ ਜਾਂਵਦੇ ਸ਼ਬਦ ਪੜ੍ਹਦੇ,
ਕਵ ਕੀ ਖਿਚੇ ਓਹਨਾਂ ਝਾਕੀਆਂ ਨੂੰ !
ਮੀਂਹ ਵਸਦਾ ਆਪਣੀ ਚਾਲ ਅੰਦਰ,
ਸ਼ੇਰ ਤੁਰੇ ਜਾਂਦੇ ਓਸੇ ਹਾਲ ਅੰਦਰ !
ਓਹਨਾਂ ਖਬਰ ਨਾ ਪ੍ਰੇਮ ਦੇ ਆਸ਼ਕਾਂ ਨੂੰ,
ਲਿਆਂਦਾ ਕਿਸੇ ਵੀਨਾਹਿੰ ਖਿਆਲ ਅੰਦਰ !

---o---

ਦਿਲ ਆਪਣੇ ਤਾਂ ਅੱਜ ਸ਼ਾਦ ਦਿਸਨ,
ਐਪਰ ਹਾਦਸਾਂ ਘਰ ਬਰਬਾਦ ਦਿਸਨ !
ਡੈਰੀ ਵਾਲਿਆਂ ਦੇ ਘਰੀਂ ਸੋਗ ਪਿਆ,
ਜਦੋਂ ਸੰਗਤਾਂ ਲਾ ਤਾਦਾਦ ਦਿਸਨ !
ਬਾਗੀ ਦਸਦੇ ਜੋ ਦਿੱਲ ਢਾਹ ਬੈਠੇ,

ਘਰ ਖਾਲਸੇ ਸੰਦੇ ਆਬਾਦ ਦਿਸਨ।
ਡੁਬ ਮਰਨ ਨੂ ਥਾਂ ਨਾ ਲਭਦੀ ਏ,
ਜਦੋਂ ਬੀਰ ਕਰਦੇ ਸਿੰਘ ਨਾਦ ਦਿਸਨ।
ਥਾਂ ਥਾਂ ਤੇ ਖੇਡ ਪਲੱਥੇ ਰਹੇ,
ਗੱਤਕੇ ਅਤੇ ਤਲਵਾਰ ਦੇ ਵਾਰ ਹੋ ਰਹੇ।
ਸੂਰਬੀਰਤਾ ਦਾ ਨਕਸ਼ਾ ਬੱਝ ਰਿਹਾ,
ਵੇਖਣ ਵਾਲੜੇ ਵੇਖ ਬਲਿਹਾਰ ਹੋ ਰਹੇ।

---o---

ਪੁਰਬ ਸਿੰਘਾਂ ਨੇ ਅਜ ਮਨਾਇਆ ਐਹਾ,
ਵੈਰੀ ਵੇਖਕੇ ਮੂਲੋਂ ਹੈਰਾਨ ਹੋ ਗਏ।
ਇਹ ਰਂਗ ਆਜ਼ਾਦੀ ਦੀ ਪਈ ਦਿਸੇ,
ਗੋਰੇ ਰਾਜ ਵਲੋਂ ਪਰੇਸ਼ਾਨ ਹੋ ਗਏ।
ਅੱਗ ਲਾਈ ਸੀ ਸੇਵਕਾਂ ਘਰੀਂ ਹਾਇ,
ਜਾਪਣ ਆਪਣੇ ਘਰ ਵੈਰਾਨ ਹੋ ਗਏ।
ਚਸਕੇ ਜਿਨਾਂ ਨੂ ਦੁਧ ਮਲਾਈਆਂ ਦੇ,
ਜਾਪਣ ਉਨਾਂਨੂ ਨਸ਼ਟ ਸਮਿਆਨ ਹੋ ਗਏ।
ਬੀਰ ਬਾਂਕਿਓ, ਸਿੰਘ ਅਕਾਲੀਓ ਵੇ,
ਅੱਜ ਤੁਸਾਂ ਦੇ ਤਾਈਂ ਵਧਾਈ ਹੋਵੇ।
ਰਹੇ ਵਿਚ ਜਹਾਨ ਦੇ ਬੋਲ ਬਾਲਾ,
ਕਲਾ ਦਿਨੋਂ ਦਿਨ ਦੂਣ ਸਵਾਈ ਹੋਵੇ।

---o---

# ਜੇਕਰ ਧਰਮ ਪਿਛੇ ਜਿੰਦ ਜਾਨ ਲਗੇ,
# ਓਥੇ ਲੋੜ ਨਾਹੀਂ ਜ਼ਿੰਦਗਾਨੀਆਂ ਦੀ !

ਰਾਜ ਭਾਗ ਖੁਸਾ ਤਖਤੋਂ ਤਾਜ ਖੁਸਾ,
ਐਪਰ ਖਾਲਸਾ ਜੀ ਸਭੋ ਜਰ ਗਿਆ ਸੀ !
ਸ਼ੁਕਰ ਸ਼ੁਕਰ ਕਰਕੇ ਭਾਣਾ ਮੰਨ ਕਰਕੇ,
ਸ਼ੇਰ ਨਰ ਵਾੜੀਂ ਭੇਡਾਂ ਵੜ ਗਿਆ ਸੀ !
ਐਪਰ ਵੇਖ ਲਏ ਜਦੋਂ ਸੀ ਧਾਮ ਖੁਸਦੇ,
ਓਵੇਂ ਮਾਰਟੇ ਭੱਬਕ ਮੈਦਾਨ ਗਜਿਆ !
ਗੁਰੂ ਧਾਮਾਂ ਚੋਂ ਕਢਣ ਸ਼ੈਤਾਨੀਆਂ ਨੂੰ,
ਸ਼ੇਰ ਮਰਦ ਧਰਮੀ ਪੈਹਲਵਾਨ ਗਜਿਆ !
ਨਾ ਕੁਝ ਜ਼ੋਰ ਤੇ ਜ਼ੁਲਮ ਤੋਂ ੈ ਕੀਤਾ,
ਸਾਗਰ ਜੋਸ਼ ਿਦਾ ਠਾਠਾਂ ਮਾਰ ਆਇਆ !
ਏਸੇ ਜੋਸ਼ ਅੰਦਰ ਨਨਕਾਣੇ ਸਾਹਿਬ,
ਦੋ ਸੌ ਵੀਹ ਸੁੰਦਰ ਸਿਦਕੀ ਵਾਰ ਆਇਆ !
ਕੂੰਜੀਆਂ ਖੁਸ਼ੀਆਂ ਵੇਖਕੇ ਮਾਰ ਛਾਲਾਂ,
ਜਾਇ ਧਰਮੀਆਂ ਨੇ ਜੇਹਲਾਂ ਮਲੀਆਂ ਸਨ !
ਹਥ ਜ਼ਾਲਮਾਂ ਕੰਨੀ ਲਵਾ ਕਰਕੇ,
ਕੂੰਜਾਂ ਡਾਰਾਂ ਅੰਦਰ ਫੇਰ ਰਲੀਆਂ ਸਨ !
ਗੁਰੂ ਬਾਗ ਦੀ ਤੁ ਜਹੀ ਲਕੜੀ ਤੋਂ,
ਮਾਰਾਂ ਖਾਦੀਆਂ ਜਾਇ ਬਲਵਾਨ ਸਿੰਘਾਂ !
ਵਾਰੇ ਘੋਲੜੇ ਸਦਕੜੇ ਜਿੰਦ ਕੀਤੀ,
ਪਿਰਥੀ ਪਾਲ ਜਿਹਾਂ ਨੌਂ ਜਵਾਨ ਸਿੰਘਾਂ !
ਐਪਰ ਜ਼ਾਲਮਾਂ ਨੂੰ, ਨਾ ਪ੍ਰਤੀਤ ਆਈ,

ਨਵੀਂ ਹੋਰ ਇਕ ਲਾਟ ਜਗਾ ਦਿਤੀ!
ਫੂਲ-ਬੰਸ ਦੇ ਬਧੇ ਖਲਵਾਰੜੇ ਨੂੰ,
ਚਿੜੂੰਗ ਇਕ ਜਾ ਅੱਗ ਦੀ ਲਾ ਦਿੱਤੀ!
ਅਸੀਂ ਝੱਲ ਲਈਆਂ ਸਭੇ ਕੀਤੀਆਂ ਜੇ,
ਐਪਰ ਅੱਜ ਭਾਜੀ ਨਵੀਂ ਚਾਹੜ ਦਿੱਤੀ!
ਘੇਰਾ ਘਤਕੇ ਤਖਤ ਅਕਾਲ ਜੀ ਦਾ,
ਸਾਡੀ ਜਿੰਦੜੀ ਤੇਲ ਪਾ ਰਾੜ੍ਹ ਦਿੱਤੀ!
ਜੇਕਰ ਹੋੜਦੇ ਨਾਂ ਸੇਵਾਦਾਰ ਜਾਕੇ,
ਚੁਰਟਾਂ ਪੀਣ ਵਾਲੇ ਤਖਤ ਚੜ੍ਹ ਜਾਂਦੇ!
ਪਤਾ ਨਹੀਂ ਕੀ ਹੋਂਵਦੀ ਫੇਰ ਓਥੇ,
ਕਿਨੇ ਜਾਇ ਪਤੰਗ ਫਿਰ ਸੜ ਜਾਂਦੇ!
ਹਾਲੀ ਬਾਹਠਾਂ ਉਤੇ ਹੋਈ ਕਿਸਤ ਪੂਰੀ,
ਜਾਪੇ ਮੰਗ ਲੱਖਾਂ ਕੁਰਬਾਨੀਆਂ ਦੀ!
'ਸਿਦਕੀ ਬੀਰ ਬਹਾਦਰਾਂ ਜੋਧਿਆਂ ਦੀ,
ਗੁਰੂ ਪੰਥ ਦੇ ਗੁਣੀ ਗਿਆਨੀਆਂ ਦੀ!
ਸੋ ਐ ਖਾਲਸਾ ਬੀਰ ਬਹਾਦਰੋ ਹੁਣ,
ਆਪਣੀ ਛਾਤੀਆਂ ਨੂ ਖੂਬ ਤਾਣ ਆਉ!
ਇਕ ਦੂ ਇਕ ਕੀਤੇ ਬਿਨਾ ਨਹੀਂ ਮੁੜਨਾ,
ਘਤਣ ਵਾਸਤੇ ਖੂਬ ਘਮਸਾਣ ਆਉ!
ਸ਼ਾਂਤਮਈ ਦਾ ਜੰਗ ਇਹ ਖੂਬ ਹੋਵੇ,
ਰਵੇ ਲੋੜ ਨਾ ਹੋਰ ਕੁਰਬਾਨੀਆਂ ਦੀ!
ਜੇਕਰ ਧਰਮ ਪਿਛੇ ਜਿੰਦ ਜਾਨ ਲਗੇ,
ਉਥੇ ਲੋੜ ਨਾਹੀਂ ਜ਼ਿੰਦਗਾਨੀਆਂ ਦੀ!

—o—

# ਪ੍ਰਦੇਸੀ ਜੀਊੜੇ

## ਅਗਨ ਦੇਸ ਸਾਡੇ ਤਰਫ ਚਾਰ ਮੱਚੀ

ਇਹ ਸਨੇਹੁੜਾ ਇਕ ਪ੍ਰਦੇਸੀਆਂ ਦਾ,
ਸਾਡੇ ਵਤਨ ਦੇ ਤਾਈਂ ਸੁਨਾਵਨਾ ਜੇ!
ਹਾਲ ਅਸਾਂ ਦਾ ਪੁਰ ਮਲਾਲ ਦਸਕੇ,
ਨਰ ਨਾਰੀਆਂ ਸਭਸ ਰੁਆਵਨਾ ਜੇ!
ਖਜਲ ਹੋਂਵਦੇ ਸਰੇ ਬਾਜ਼ਾਰ ਏਥੇ,
ਕੇਰਾਂ ਅਸਾਂ ਨੂੰ ਯਾਦ ਕਰਾਵਨਾ ਜੇ!
ਸੱਸੀ ਬਿਨਾਂ ਪੁਨੂੰ ਤੜਪੇ ਥੱਲਾਂ ਅੰਦਰ,
ਹੋਇਆ ਬੰਦ ਵੀਰੋ ਪੀਣਾ ਖਾਵਣਾ ਜੇ!

—o—

## ਇਕ ਵਿਛੋੜਾ! ਦੂਜੇ ਵਤਨ ਦੇ ਦੁਖੜੇ!!

ਦੁਨੀਆਂ ਵਾਲਿਓ ਪੁਛਦੇ ਕੀ ਸਾਥੋਂ?
ਸਾਡੇ ਵਤਨ ਅੰਦਰ ਹਾਹਾ ਕਾਰ ਮੱਚੀ!
ਖਾਣ ਪੀਣ ਨਾ ਭਾਂਵਦਾ ਸੌਣ ਸਾਨੂੰ,
ਅਗਨ ਦੇਸ ਸਾਡੇ ਤਰਫ ਚਾਰ ਮੱਚੀ!
ਐਧਰ ਵਤਨ ਤੋਂ ਅਸੀਂ ਹਾਂ ਦੂਰ ਬੈਠੇ,
ਓਧਰ ਵੱਤਨ ਅੰਦਰ ਜ਼ੁਲਮ ਕਾਰ ਮੱਚੀ!
ਪਏ ਨਿਹੱਥਿਆ ਤੇ ਹੁੰਦੇ ਵਾਰ ਹਾਇ,
ਫੜਕੇ ਜਬਰ ਦੀ ਤੇਗ ਸਰਕਾਰ ਮੱਚੀ!

—:-o-:—

## ਹਾਇ! ਕੋਈ ਉਪਾ ਦਸੋ?

ਲੋਕੋ ਦਸਿਓ ਵੇ ਸਾਨੰ ਢੰਗ ਕੋਈ,

ਜਿਵੇਂ ਸਾਡੜੀ ਪੀੜ, ਕਾਫੂਰ ਹੋਵੇ !
ਵਗਦਾ ਅਖੀਆਂ ਚੋਂ ਬੰਦ ਨੀਰ ਹੋਵੇ,
ਜਲਨ ਇਹੋ ਫਿਰਾਕ ਦੀ ਦੂਰ ਹੋਵੇ !
ਕੇਰਾਂ ਵਤਨ ਦੀ ਜਾਇਕੇ ਦੀਦ ਕਰੀਏ,
ਜਲਦੇ ਦਿਲਾਂ ਦੀ ਅਗਨ ਠਰੂਰ ਹੋਵੇ !
ਸਾਂਈਂ ਵਾਲਿਓ ਕਰੋ ਮੁਰਾਦ ਪੂਰੀ,
ਤਪਦਾ ਜ਼ੁਲਮ ਦਾ ਬੰਦ ਤਨੂਰ ਹੋਵੇ !

--੦-੦-੦--

ਦੁਨੀਆਂ ਵਾਲਿਓ ਪੁਛਦੇ ਕੀ ਸਾਥੋਂ,
ਮੁਦਤ ਹੋਗਈ ਵਿਚ ਗੁਲਾਮੀਆਂ ਦੇ !
ਧਕੇ ਖਾਂਦਿਆਂ ਸੈਂਕੜੇ ਬਰਸ ਹੋ ਗਏ,
ਠੇਕੇਦਾਰ ਬਣ ਗਏ ਬਦਨਾਮੀਆਂ ਦੇ !
ਚਿਰ ਹੋਗਿਆ ਅਸਾਂ ਨੂੰ ਦੁਖ ਝਲਦੇ,
ਵਧਦੇ ਜਾਂਵਦੇ ਜ਼ੁਲਮ ਹਰਾਮੀਆਂ ਦੇ !
ਕਦੇ ਅਸਾਂ ਦਾ ਵੱਤਨ 'ਆਜ਼ਾਦ' ਹੋਸੀ,
ਹੋਸਨ ਸਮੇ ਏਹ ਦੂਰ ਨੀਲਾਮੀਆਂ ਦੇ !

—੦-੦-੦—

**ਬੇੜਾ ਜ਼ੁਲਮ ਦਾ ਭਰ ਗਿਆ ਨਕ ਤੋੜੀ,**
**ਸਮਾ ਹੋਰ ਵਧੀਕ ਇਹ ਕਢਸੀ ਨਾ !**

ਜਦੋਂ ਅੱਤ ਹੋਈ ਮੁਗਲ ਰਾਜ ਅੰਦਰ,
ਤਦੋਂ ਜ਼ਾਬਰਾਂ ਜਬਰ, ਕਮਾਏ ਸੀਗੇ !
ਪੱਤਾਂ ਵਾਲੀਆਂ ਦੀ ਲਾਹਕੇ ਪੱਤ ਓਦੋਂ,
ਜ਼ੁਲਮ ਜ਼ੋਰ ਦੇ ਹੜ੍ਹ ਵਗਾਏ ਸੀਗੇ !

ਸੱਤਵੰਤੀਆਂ ਦੇ ਸੱਤ ਭੰਗ ਕਰਕੇ,
ਗੜੇ ਪਾਪ ਦੇ ਡਾਵੇ ਵਰਸਾਏ ਸੀਗੇ!
ਧਰਮੀ ਜਬਰ ਦੀ ਤੇਗ ਦੀ ਧਾਰ ਹੇਠੋਂ,
ਫੜ ਫੜ ਉਨ੍ਹਾਂ ਨੇ ਕਈ ਲੰਘਾਏ ਸੀਗੇ!
ਡਾਵੇ ਰਬ ਦੇ ਤਾਈਂ ਭੁਲਾ ਕਰਕੇ,
ਢਾਹਿਆ ਜ਼ਾਲਮਾਂ ਸੀ ਮੰਦ ਪਿਆਰਿਆਂ ਨੂੰ!
ਮਸਤ ਹੋਕੇ ਤਾਕਤ ਦੇ ਨਸ਼ੇ ਅੰਦਰ,
ਕੀਤਾ ਤੇਗ ਸੀ ਲਖਾਂ ਦੁਖਯਾਰਿਆਂ ਨੂੰ!

—੃-੦-੃—

ਓਹੋ ਹਾਲ ਸਾਨੂੰ ਸਾਫ ਅੱਜ ਦਿਸੇ,
ਨੇੜੇ ਆਈਆਂ ਸਾਫ ਨਸ਼ਾਨੀਆਂ ਨੇ!
ਉਹਾ ਜੰਗ ਦੋ-ਵਲੜੀ ਛਿੜੀ ਆਕੇ,
ਉਹਾ ਤੀਰ ਜਾਪਨ ਉਹਾ ਕਾਨੀਆਂ ਨੇ!
ਉਹਾ ਤ੍ਰੀਮਤਾਂ ਦੀ ਅਸਮਤਦਰੀ ਹੁੰਦੀ,
ਉਹਾ ਨੀਯਤਾਂ ਜ਼ਾਲਮਾਂ ਠਾਨੀਆਂ ਨੇ!
ਉਹਾ ਦੇਸ਼ ਹਿਤੈਸ਼ੀਆਂ ਜੇਹਲ ਫਾਂਸੀ,
ਉਹਾ ਧਰਮੀਆਂ ਸਿਰ ਬਦਨਾਮੀਆਂ ਨੇ!
ਅੱਜ ਸਿੱਖਾਂ ਦੇ ਸਿਰਾਂ ਦੇ ਮੁਲ ਤਕੋ,
ਬਾਗੀ ਅੱਜ ਬਨ ਗਏ ਗੁਰੂ ਲਾਲ ਦੇਖੋ!
ਸੱਤਰ ਸਾਲ ਦੀ ਦੋਸਤੀ ਜਾ ਕੱਢੀ,
ਆ ਘੇਰਿਆ ਤਖਤ ਅਕਾਲ ਦੇਖੋ!

—੃-੦-੃—

ਵੇਖੋ ਜ਼ਾਲਮਾਂ ਨਸ਼ਾ ਗਰੂਰ ਚੜ੍ਹਿਆ,
ਭਾ ਰੱਬ ਦਾ ਖੌਫ ਵਸਾਰਦੇ ਨੀ!

ਅੰਨੇ, ਹੋ ਤਾਕਤ ਦੇ ਮਾਣ ਅੰਦਰ,
'ਚੜ੍ਹੋ ! ਪਕੜ ਲੋ !!' ਪਏ ਪੁਕਾਰਦੇ ਨੀ !
"ਹਮ ਨਹੀਂ ਜਾਨਟੇ ਟਖਟ ਅਕਾਲ ਹੈਯੇਹ"
ਭਰੇ ਬੋਲਦੇ ਬੋਲ ਹੰਕਾਰ ਦੇ ਨੀ !
ਚੁਰਟਾਂ ਪੀਣ ਵਾਲੇ ਯਾਰ ਡੰਡਿਆਂ ਦੇ,
ਕੌਮੀ ਸੇਵਕਾਂ ਨੂੰ ਧਕੇ ਮਾਰਦੇ ਨੀ !
"ਆਏ ਮੁਲਜ਼ਮੋਂ ਕੋ ਗਰਿਫਤਾਰ ਕਰਨੇ,
ਹਮ ਨਹੀਂ ਜਾਨਤੇ ਤਖਤ ਅਕਾਲ ਹੈ ਕੀ !
ਕਰੀਏ ਅਸੀਂ ਕਾਨੂੰਨ ਜਾਂ ਅਦਬ ਤਕੀਏ,
ਇਥੇ ਕਿਸੇ ਦੀ ਭਲਾ ਮਜਾਲ ਹੈ ਕੀ" !

—ঃ-੦-ঃ—

ਜੇਕਰ ਪੁਜਦੇ ਜਾਂ ਪਤੰਗ ਨਾ ਫਿਰ,
ਜਗੀ ਸ਼ਮਾਂ ਉਪਰ ਸੜ ਜਾਂਵਣੇ ਨੂੰ !
ਕੀ ਮੂਜੀਆਂ ਛਡਿਆ ਫਰਕ ਹੈ ਸੀ ?
ਇਜ਼ਤ ਪੰਥ ਦੀ ਖਾਕ ਮਿਲਾਵਣੇ ਨੂੰ !
ਕੌਮ ਬੀਰਾਂ ਦੀ ਏ ! ਆ ਜਾ ਧਾਈ ਕਰਕੇ,
ਸ਼ਾਂਤਮਈ ਸ਼ਹੀਦੀਆਂ ਪਾਵਣੇ ਨੂੰ !
ਕੌਮ ਆਨ ਤੇ ਸ਼ਾਨ ਦੇ ਰਖਣੇ ਨੂੰ,
ਜਨਮ ਅਪਨੇ ਸਫਲ ਕਰਾਵਣੇ ਨੂੰ !
ਸੜ ਬਲ ਜਾ 'ਸ਼ਮਾਂ' ਨੂੰ ਸਾੜ ਦੇਸੀ,
ਤੇਰੀ ਆਹ ਦੀ ਭਾਹ ਕੁਝ ਕਢਸੀ ਨਾ !
ਬੇੜਾ ਜ਼ੁਲਮ ਦਾ ਭਰ ਗਿਆ ਨਕ ਤੋੜੀ,
ਸਮਾ ਹੋਰ ਵਧੀਕ ਇਹ ਕਢਸੀ ਨਾ !

—ঃਇਤੀঃ—

# ਆਜ਼ਾਦੀ ਦੇ ਖਾਹਸ਼ਮੰਦਾਂ ਨੂੰ

ਇਕ ਵੇਰ ਜ਼ਰੂਰ ਹੇਠ ਲਿਖਿਆਂ ਪੁਲੀਟੀਕਲ ਪੁਸਤਕਾਂ ਮੰਗਾਕੇ ਪੜ੍ਹੋ ਤੇ ਲਾਭ ਉਠਾਓ, ਦਰਦ ਹੁਲਾਰੇ ।), ਖੂਨ ਦੇ ਪ੍ਰਨਾਲੇ ।), ਦਰਦਾਂ ਦੇ ਹੰਝੂ ।=), ਨਾਵਲ ਕਲਜੁਗੀ ਮਾਤਾ ਤੇ ਸਤਿਜੁਗੀ ਪੁਤਰ ੧), ਭੰਗਾੜ ਦਾ ਖੁਲ੍ਹਾ ਚਿਠਾ ।), ਜ਼ਖਮੀ ਦਿਲ ।=), ਸਬਰ ਦੇ ਬਾਣ ।=), ਬਿਜਲੀ ਦੀ ਕੜਕ ।–) ਬ੍ਰਿਹੋਂ ਦੇ ਸੱਦ, ॥), ਜ਼ੁਲਮ ਦਾ ਨਸ਼ਤਰ ਕਿਕੁਣ ਹੋਇਆ ੧), ਸ਼ੇਰਾਂ ਦੀ ਗਰਜ –), ਸਹੀਦੀ ਯਾਤਰਾ =), ਸ਼ਹੀਦੀ ਪਰਵਾਨੇ ≡), ਕੈਦੀ ਬੀਰ ॥=), ਕੂਚ ਦਾ ਨਗਾਰਾ ।), ਨਾਭੇ ਰਾਜ ਦਾ ਤਿਆਗ ਦਾ ਕੱਚਾ ਚਿੱਠਾ ੧,

## ਛੱਪ ਰਿਹਾ ਹੈ !

ਗੁਰਦੁਵਾਰਾ ਗੰਗਸਰ ਦੀ ਯਾਤਰਾ ਗਏ ਸਹੀਦੀ ਜੱਥੇ ਦੇ ਪੂਰਨ ਹਾਲ ਪੰਜਾਬੀ ਬੈਂਤਾਂ ਵਿਚ ਛਪ ਰਿਹਾ ਹੈ, ਛੇਤੀ ਮੰਗਾਵੋ ਮੁਲ ਕੇਵਲ ॥), ਅਠ ਆਨੇ ॥

ਮਿਲਨ ਦਾ ਪਤਾঃ—

**ਭਾਈ ਭੋਲਾ ਸਿੰਘ ਮੇਹਰ ਸਿੰਘ**

ਪੁਸਤਕਾਂ ਛਾਪਣ ਤੇ ਵੇਚਣ ਵਾਲੇ ਮਾਲਕ ਅਕਾਲ ਕੁਟੀ॥ ਬੁਕ ਡੀਪੋ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ